# ਪੰਜਾਬੀ ਪੁਸਤਕ-5

## ਪੰਜਵੀਂ ਜਮਾਤ

ਦੂਜੀ ਭਾਸ਼ਾ

J4J6H5

**ਪੰਜਾਬ ਸਕੂਲ ਸਿੱਖਿਆ ਬੋਰਡ**

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

**ਪੰਜਵਾਂ ਐਡੀਸ਼ਨ 2021................ 41,600 ਕਾਪੀਆਂ**

All rights, including those of translation, reproduction and annotation etc., are reserved by the Punjab Government.

## ਚਿਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦ-ਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਸਟਾਕ ਕਰਨਾ, ਜਮ੍ਹਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

**ਮੁੱਲ : 33.00 ਰੁਪਏ**

**ਸਕੱਤਰ,** ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਟੈਗੋਰ ਪ੍ਰਿੰਟਰਜ਼, ਜਲੰਧਰ ਰਾਹੀਂ ਛਾਪੀ ਗਈ।

# ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ ਰਾਜ ਦੀ ਸਕੂਲ–ਸਿੱਖਿਆ ਸੰਬੰਧੀ ਜਿਹੜਾ ਬਹੁਪੱਖੀ ਵਿੱਦਿਅਕ ਕਾਰਜ ਕਰਦਾ ਹੈ, ਉਹਨਾਂ ਵਿੱਚੋਂ ਇੱਕ ਮਹੱਤਵਪੂਰਨ ਕਾਰਜ ਸਿੱਖਿਆ–ਕ੍ਰਮ ਅਤੇ ਪਾਠ–ਕ੍ਰਮ ਬਣਾ ਕੇ, ਇਹਨਾਂ ਮੁਤਾਬਕ ਪਾਠ–ਪੁਸਤਕਾਂ ਤਿਆਰ ਕਰਕੇ ਵਿਦਿਆਰਥੀਆਂ ਤੱਕ ਪਹੁੰਚਾਉਂਦਾ ਹੈ।

ਹਥਲੀ ਪਾਠ–ਪੁਸਤਕ ਪੰਜਵੀਂ ਸ਼੍ਰੇਣੀ (ਦੂਜੀ ਭਾਸ਼ਾ) ਦੇ ਵਿਦਿਆਰਥੀਆਂ ਲਈ ਐੱਨ. ਸੀ. ਐੱਫ਼. 2005 ਅਤੇ ਪੀ. ਸੀ. ਐੱਫ਼. 2013 ਦੀਆਂ ਸਿਫ਼ਾਰਸ਼ਾਂ ਨੂੰ ਮੱਦੇਨਜ਼ਰ ਰੱਖਦਿਆਂ ਤਿਆਰ ਕੀਤੀ ਗਈ ਹੈ। ਇਹਨਾਂ ਪਾਠ–ਪੁਸਤਕਾਂ ਨੂੰ ਸਮੇਂ–ਸਮੇਂ 'ਤੇ ਸੋਧਿਆ ਜਾਂਦਾ ਹੈ ਅਤੇ ਇੱਕ ਅੰਤਰਾਲ ਪਿੱਛੋਂ ਦੇਸ ਤੇ ਸਮਾਜ ਵਿੱਚ ਹੋਈ ਤਰੱਕੀ ਅਤੇ ਤਬਦੀਲੀਆਂ ਦੇ ਸਨਮੁੱਖ ਨਵੀਂਆਂ ਪਾਠ–ਪੁਸਤਕਾਂ ਤਿਆਰ ਕੀਤੀਆਂ ਜਾਂਦੀਆਂ ਹਨ। ਇਹ ਇੱਕ ਨਿਰੰਤਰ ਪ੍ਰਕਿਰਿਆ ਹੈ।

ਪੰਜਾਬੀ ਵਿਸ਼ੇ ਦੀਆਂ ਪਾਠ–ਪੁਸਤਕਾਂ (ਦੂਜੀ ਭਾਸ਼ਾ) ਵਿੱਚ ਵਿਦਿਆਰਥੀਆਂ ਦੀਆਂ ਰੁਚੀਆਂ ਅਤੇ ਵਿਕਾਸ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਡੇ ਅਮੀਰ ਸੱਭਿਆਚਾਰਿਕ ਵਿਰਸੇ ਅਤੇ ਸਮਾਜਿਕ ਵਿਕਾਸ ਨੂੰ ਪ੍ਰਗਟਾਉਂਦੀ ਅਜਿਹੀ ਪਾਠ–ਸਮਗਰੀ ਦੇਣ ਦੀ ਕੋਸ਼ਸ਼ ਕੀਤੀ ਗਈ ਹੈ, ਜਿਸ ਨਾਲ਼ ਵਿਦਿਆਰਥੀਆਂ ਨੂੰ ਭਾਸ਼ਾ ਸਿਖਾਉਣ ਦੇ ਨਾਲ਼–ਨਾਲ਼ ਉਸਾਰੂ ਕਦਰਾਂ–ਕੀਮਤਾਂ ਦਾ ਧਾਰਨੀ ਵੀ ਬਣਾਇਆ ਜਾ ਸਕੇ। ਹਥਲੀ ਪਾਠ–ਪੁਸਤਕ ਵਿੱਚ ਪਾਠ–ਸਮਗਰੀ ਨੂੰ ਵਿਦਿਆਰਥੀਆਂ ਦੇ ਸਮਾਜਿਕ ਤੇ ਪ੍ਰਕ੍ਰਿਤਿਕ ਵਾਤਾਵਰਨ ਅਨੁਸਾਰ ਢਾਲ਼ਿਆ ਗਿਆ ਹੈ।

ਇਸ ਪਾਠ–ਪੁਸਤਕ ਨੂੰ ਦਫ਼ਤਰੀ ਪੱਧਰ 'ਤੇ ਡਾਇਰੈਕਟਰ ਅਕਾਦਮਿਕ ਸ੍ਰੀਮਤੀ ਮਨਜੀਤ ਕੌਰ ਜੀ ਦੀ ਨਿਗਰਾਨੀ ਹੇਠ ਸ੍ਰੀਮਤੀ ਪਰਮਿੰਦਰ ਕੌਰ ਵਿਸ਼ਾ–ਮਾਹਿਰ ਨੇ ਤਿਆਰ ਕੀਤਾ ਹੈ। ਇਸ ਨੂੰ ਤਿਆਰ ਕਰਦਿਆਂ ਖੇਤਰ ਵਿੱਚੋਂ ਡਾ. ਵਰਿੰਦਰਜੀਤ ਵਾਤਿਸ਼, ਸ੍ਰੀ ਮਨਮੋਹਨ ਸਿੰਘ ਦਾਊਂ, ਸ੍ਰੀ ਜਸਵੀਰ ਸਿੰਘ ਲੰਗੜੋਆ ਅਤੇ ਸ੍ਰ: ਅਮਰੀਕ ਸਿੰਘ ਦਿਆਲ ਨੇ ਯੋਗਦਾਨ ਪਾਇਆ ਹੈ। ਇਸ ਪਾਠ–ਪੁਸਤਕ ਦੇ ਚਿੱਤਰ ਸ੍ਰੀ ਅਮਰਜੀਤ ਸਿੰਘ ਵਾਲੀਆ ਨੇ ਤਿਆਰ ਕੀਤੇ ਹਨ।

ਜਿਹੜੇ ਲੇਖਕਾਂ ਦੀਆਂ ਰਚਨਾਵਾਂ ਇਸ ਪਾਠ–ਪੁਸਤਕ ਵਿੱਚ ਸ਼ਾਮਲ ਕੀਤੀਆਂ ਹਨ, ਬੋਰਡ ਵੱਲੋਂ ਉਹਨਾਂ ਦਾ ਧੰਨਵਾਦ ਕੀਤਾ ਜਾਂਦਾ ਹੈ।

ਇਸ ਪਾਠ–ਪੁਸਤਕ ਨੂੰ ਹੋਰ ਚੰਗੇਰਾ ਬਣਾਉਣ ਲਈ ਅਧਿਆਪਕਾਂ ਅਤੇ ਮਾਪਿਆਂ ਦੇ ਸੁਝਾਵਾਂ ਦਾ ਸੁਆਗਤ ਕੀਤਾ ਜਾਵੇਗਾ।

**ਚੇਅਰਮੈਨ**

**ਪੰਜਾਬ ਸਕੂਲ ਸਿੱਖਿਆ ਬੋਰਡ**

# ਤਤਕਰਾ


| ਲੜੀ ਨੰ. | ਵਿਸ਼ਾ | | ਲੇਖਕ | ਪੰਨਾ ਨੰ. |
|---|---|---|---|---|
| 1. | ਸਾਡਾ ਦੇਸ ਮਹਾਨ | ਕਵਿਤਾ | ਸ਼ਿਵ ਕੁਮਾਰ ਬਟਾਲਵੀ | 01 |
| 2. | ਆਲ੍ਹਣਿਆਂ ਦੀ ਰਾਖੀ | ਕਹਾਣੀ | ਬਲਜਿੰਦਰ ਮਾਨ | 04 |
| 3. | ਮੇਰੀ ਪਿਆਰੀ ਮਾਂ | ਕਵਿਤਾ | ਸੁਨੀਲਮ ਮੰਡ | 08 |
| 4. | ਕਿੱਕਲੀ | ਲੇਖ | ਸੁਖਦੇਵ ਮਾਦਪੁਰੀ | 11 |
| 5. | ਦੋ ਕੀੜੀਆਂ | ਕਹਾਣੀ | ਡਾ. ਵਰਿੰਦਰਜੀਤ ਵਾਤਿਸ਼ | 15 |
| 6. | ਕੌਮ ਦੀ ਸੇਵਾਦਾਰ | ਕਵਿਤਾ | ਧਨਵੰਤ ਸਿੰਘ ਸੀਤਲ | 19 |
| 7. | ਵਿੱਦਿਆ ਦਾ ਫਲ਼ | ਜੀਵਨੀ | ਡਾ. ਜਾਗੀਰ ਸਿੰਘ | 23 |
| 8. | ਹਿੰਮਤ ਅਤੇ ਸਿਆਣਪ | ਕਵਿਤਾ | ਜਸਵੀਰ ਸਿੰਘ ਲੰਗੜੋਆ | 27 |
| 9. | ਜੇ ਬਾਲਣ ਮੁੱਕ ਜਾਵੇ | ਕਹਾਣੀ | ਗੁਰਦਿਆਲ ਸਿੰਘ | 30 |
| 10. | ਸਾਡੀਆਂ ਸਬਜ਼ੀਆਂ | ਲੇਖ | ਕੁਲਵੰਤ ਸਿੰਘ ਵਿਰਕ | 35 |
| 11. | ਪੰਛੀਆਂ ਦਾ ਗੀਤ | ਕਵਿਤਾ | ਦਰਸ਼ਨ ਸਿੰਘ ਬਨੂੜ | 39 |
| 12. | ਗੁਲਾਬ ਦਾ ਆੜੀ | ਕਹਾਣੀ | ਤਰਸੇਮ | 41 |
| 13. | ਮੈਂ ਸੋਹਣਾ-ਸੋਹਣਾ ਲਿਖਾਂਗੀ | ਲੇਖ | ਡਾ. ਕਰਨੈਲ ਸਿੰਘ ਸੋਮਲ | 46 |
| 14. | ਗੁਰੂ ਤੇਗ਼ ਬਹਾਦਰ ਜੀ | | | 50 |
| 15. | ਚੰਦਰੀ ਲੂੰਬੜੀ | ਕਹਾਣੀ | ਜਸਬੀਰ ਭੁੱਲਰ | 54 |
| 16. | ਸ਼ਹੀਦੀ ਜੋੜ-ਮੇਲਾ | ਲੇਖ | ਡਾ. ਗੁਰਮੀਤ ਸਿੰਘ ਬੈਦਵਾਣ | 59 |
| 17. | ਸਾਡਾ ਸਕੂਲ | ਕਵਿਤਾ | ਡਾ. ਧਰਮ ਚੰਦ ਵਾਤਿਸ਼ | 62 |
| 18. | ਸੋਨੇ ਦੀ ਪਾਲਕੀ | ਕਹਾਣੀ | ਰਾਬਿੰਦਰਨਾਥ ਟੈਗੋਰ | 65 |
| 19. | ਉੱਡਣਾ ਸਿੱਖ-ਮਿਲਖਾ ਸਿੰਘ | ਜੀਵਨੀ | ਡਾ. ਜਾਗੀਰ ਸਿੰਘ | 70 |
| 20. | ਦਾਦੀ ਮਾਂ ਦਾ ਗੀਤ | ਕਵਿਤਾ | ਕਰਮਜੀਤ ਸਿੰਘ ਗਰੇਵਾਲ | 74 |

ਪਾਠ-1

# ਸਾਡਾ ਦੇਸ ਮਹਾਨ



ਸਾਡਾ ਭਾਰਤ ਦੇਸ ਮਹਾਨ।
ਨਾ ਕੋਈ ਹਿੰਦੂ, ਸਿੱਖ, ਈਸਾਈ,
ਨਾ ਕੋਈ ਮੁਸਲਮਾਨ,
ਸਾਡਾ ਭਾਰਤ ਦੇਸ ਮਹਾਨ।

ਰੰਗ, ਨਸਲ ਤੇ ਜਾਤ, ਧਰਮ ਵਿੱਚ, ਨਾ ਕੋਈ ਵੱਖ-ਵਖੇਵਾਂ,
ਸਭ ਦੇ ਤਨ ਨੂੰ ਕੱਪੜਾ ਲੱਭੇ, ਪੇਟ ਨੂੰ ਅੰਨ ਰਜੇਵਾਂ।
ਇੱਕ ਨੂਰ ਤੇ ਸਭ ਜੱਗ ਉਪਜਿਆ।
ਇੱਕੋ -ਜਿਹੇ ਇਨਸਾਨ।
ਸਾਡਾ ਭਾਰਤ ਦੇਸ ਮਹਾਨ।

ਗੁਜਰਾਤੀ, ਮਦਰਾਸੀ, ਉੜੀਆ; ਪੰਜਾਬੀ, ਬੰਗਾਲੀ,
ਹਰ ਸ਼ਹਿਰੀ ਦੇ ਮੂੰਹ ਤੋਂ ਟਪਕੇ , ਦੇਸ- ਪ੍ਰੇਮ ਦੀ ਲਾਲੀ।
ਕੋਈ ਡੋਗਰਾ, ਕੋਈ ਮਰਹੱਟਾ
ਭਾਵੇਂ ਕੋਈ ਚੌਹਾਨ।

ਸਾਡਾ ਭਾਰਤ ਦੇਸ ਮਹਾਨ।

ਭਾਵੇਂ ਵੱਖਰੇ-ਵੱਖਰੇ ਸੂਬੇ, ਵੱਖੋ- ਵੱਖਰੀ ਬੋਲੀ,
ਭਾਰਤ ਮਾਂ ਦੇ ਪੁੱਤਰ ਸਾਰੇ; ਹਮਸਾਏ, ਹਮਜੋਲੀ।
ਹਰ ਕੋਈ ਇੱਕ-ਦੂਜੇ ਉੱਤੇ,
ਘੋਲ਼ ਘੁਮਾਵੇ ਜਾਨ,
ਸਾਡਾ ਭਾਰਤ ਦੇਸ ਮਹਾਨ।

ਨਾ ਕੋਈ ਹਿੰਦੂ, ਸਿੱਖ, ਈਸਾਈ,
ਨਾ ਕੋਈ ਮੁਸਲਮਾਨ,
ਸਾਡਾ ਭਾਰਤ ਮਹਾਨ।

**ਔਖੇ ਸ਼ਬਦਾਂ ਦੇ ਅਰਥ:-**

ਨਸਲ - ਕੁਲ, ਬੰਸ, ਜੱਦ। ਰਜੇਵਾਂ - ਰੱਜ, ਤ੍ਰਿਪਤੀ। ਉਪਜਿਆ - ਪੈਦਾ ਹੋਇਆ। ਟਪਕੇ - ਚੋਵੇ, ਦਿਖਾਈ ਦੇਵੇ। ਹਮਸਾਏ - ਗੁਆਂਢੀ। ਘੋਲ਼ ਘੁਮਾਵੇ - ਸਦਕੇ ਜਾਵੇ, ਕੁਰਬਾਨ ਹੋਵੇ। ਹਮਜੋਲੀ - ਬਚਪਨ ਦੇ ਮਿੱਤਰ।

## ਪਾਠ-ਅਭਿਆਸ

**1. ਖ਼ਾਲੀ ਸਥਾਨ ਭਰੋ:-**

ੳ. ਸਾਡਾ.................... ਦੇਸ ਮਹਾਨ।

ਅ. ਕੋਈ ਡੋਗਰਾ, ਕੋਈ ਮਰਹੱਟਾ ਭਾਵੇਂ ਕੋਈ ............।

ੲ. ਭਾਰਤ ਮਾਂ ਦੇ ਪੁੱਤਰ ਸਾਰੇ ............ ਹਮਜੋਲੀ।

ਸ. ਨਾ ਕੋਈ ਹਿੰਦੂ, ਸਿੱਖ, ਈਸਾਈ ਨਾ ਕੋਈ ..............।

ਹ. ਭਾਵੇਂ ਵੱਖਰੇ -ਵੱਖਰੇ ਸੂਬੇ ............. ਬੋਲੀ।

**2. ਸੰਖੇਪ ਵਿੱਚ ਉੱਤਰ ਦਿਓ-**

ੳ. ਇਸ ਕਵਿਤਾ ਵਿੱਚ ਕਿਸ ਦੇਸ ਨੂੰ ਮਹਾਨ ਕਿਹਾ ਗਿਆ ਹੈ?

ਅ. ਹਰ ਸ਼ਹਿਰੀ ਦੇ ਮੂੰਹ ਤੋਂ ਕਿਹੜੀ ਲਾਲੀ ਟਪਕਦੀ ਹੈ?

ੲ. ਸਾਰਾ ਜੱਗ ਕਿਸ ਤੋਂ ਉਪਜਿਆ ਹੈ?

ਸ. ਇਸ ਕਵਿਤਾ ਵਿੱਚ ਸਾਰੇ ਭਾਰਤਵਾਸੀਆਂ ਨੂੰ ਕਿਸ ਦੇ ਪੁੱਤਰ ਕਿਹਾ ਗਿਆ ਹੈ?

ਹ. ਭਾਰਤਵਾਸੀ ਇੱਕ- ਦੂਜੇ ਲਈ ਕੀ ਘੋਲ਼ ਘੁਮਾਉਂਦੇ ਹਨ?

**3. ਹੇਠ ਲਿਖੇ ਪੰਜਾਬੀ ਸ਼ਬਦਾਂ ਨੂੰ ਹਿੰਦੀ ਵਿੱਚ ਲਿਖੋ:-**

ਭਾਰਤ, ਦੇਸ-ਪ੍ਰੇਮ, ਵੱਖ-ਵਖੇਵਾਂ, ਪੁੱਤਰ, ਹਮਜੋਲੀ

4. **ਹੇਠਾਂ ਇੱਕ ਹੀ ਅਰਥ ਲਈ ਪੰਜਾਬੀ ਅਤੇ ਹਿੰਦੀ ਵਿਚ ਭਿੰਨ-ਭਿੰਨ ਸ਼ਬਦ ਦਿੱਤੇ ਗਏ ਹਨ। ਇਹਨਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਪੰਜਾਬੀ ਦੇ ਸ਼ਬਦਾਂ ਨੂੰ ਲਿਖੋ:**

| | |
|---|---|
| ਸਾਡਾ | हमारा |
| ਤੇ (ਤੋਂ) | से |
| ਮੂੰਹ | मुख |
| ਭਾਵੇਂ | यद्यपि |
| ਵੱਖਰੇ | भिन्न |
| ਸਾਰੇ | सभी |

5. **ਸੁੰਦਰ ਲਿਖਾਈ ਵਿੱਚ ਲਿਖੋ:-**

ਇੱਕ ਨੂਰ ਤੇ ਸਭ ਜੱਗ ਉਪਜਿਆ,
ਇਕੋ- ਜਿਹੇ ਇਨਸਾਨ।

ਪਾਠ -2

# ਆਲ੍ਹਣਿਆਂ ਦੀ ਰਾਖੀ

ਹੈਰੀ ਦੇ ਘਰ ਲਾਗੇ ਦਰਖ਼ਤਾਂ ਦਾ ਇਕ ਝੁੰਡ ਸੀ ਜਿਸ ਵਿੱਚ ਫਲ਼ਦਾਰ ਅਤੇ ਛਾਂਦਾਰ ਰੁੱਖ ਲੱਗੇ ਹੋਏ ਸਨ। ਉਹ ਸਾਰਾ ਦਿਨ ਟੀ. ਵੀ. ਦੇਖਦਾ ਰਹਿੰਦਾ ਸੀ ਜਿਸ ਕਾਰਨ ਉਸ ਦੀਆਂ ਅੱਖਾਂ ਵਿੱਚ ਰੜਕ ਪੈਣ ਲੱਗ ਪਈ। ਇੱਕ ਦਿਨ ਉਸ ਦੇ ਡਾਕਟਰ ਮਾਮਾ ਜੀ ਆਏ ਤਾਂ ਉਹਨਾਂ ਨੇ ਹੈਰੀ ਨੂੰ ਸਮਝਾਇਆ, "ਬੇਟੇ! ਦੇਖ, ਨੀਮ ਪਹਾੜੀ ਇਲਾਕੇ ਵਿੱਚ ਰਹਿਣ ਦੀਆਂ ਤੈਨੂੰ ਕਿੰਨੀਆਂ ਮੌਜਾਂ ਨੇ! ਆਲ਼ੇ-ਦੁਆਲ਼ੇ ਕਿੰਨੇ ਸੋਹਣੇ ਨਜ਼ਾਰੇ ਹਨ! ਚੜ੍ਹਦੇ ਪਾਸੇ ਸ਼ਿਵਾਲਿਕ ਦੀਆਂ ਪਹਾੜੀਆਂ, ਇੱਧਰ ਬਾਗ਼ ਤੇ ਦੂਜੇ ਪਾਸੇ ਵਿਸ਼ਾਲ ਮੈਦਾਨ। ਤੂੰ ਫਿਰ ਵੀ ਟੀ. ਵੀ. ਨਾਲ਼ ਚਿੰਬੜਿਆ ਰਹਿਨੈਂ।'

"ਮੈਂ ਇਹਨਾਂ ਦਾ ਕੀ ਕਰਾਂ?" ਹੈਰੀ ਨੇ ਪੁੱਛਿਆ।

"ਹਾਂ ਬੇਟਾ, ਸ਼ਾਇਦ ਤੈਨੂੰ ਇਹੀ ਨ੍ਹੀਂ ਪਤਾ ਕਿ ਸਾਨੂੰ ਇਹਨਾਂ ਦਾ ਕੀ ਲਾਭ ਹੈ। ਦੂਰ-ਦੁਰਾਡੇ ਵੱਸਦੇ ਲੋਕ ਕੁਦਰਤੀ ਨਜ਼ਾਰੇ ਦੇਖਣ ਲਈ ਕਿੰਨਾ ਸਫ਼ਰ ਕਰਦੇ ਨੇ!"

"ਹਾਂ ਮਾਮਾ ਜੀ, ਉਹਨਾਂ ਨੂੰ ਤਾਂ ਬਹੁਤ ਲੰਮਾ ਸਫ਼ਰ ਕਰਨਾ ਪੈਂਦਾ ਹੋਵੇਗਾ, ਕੁੱਲੂ ਤੇ ਮਨਾਲ਼ੀ ਜਾਣ ਨੂੰ," ਹੈਰੀ ਨੇ ਜਵਾਬ ਦਿੱਤਾ।

"ਹਾਂ ਬੇਟੇ, ਤੇਰੇ ਤਾਂ ਬਿਲਕੁਲ ਕੋਲ਼ ਹੀ ਮਨਾਲ਼ੀ ਹੈ। ਪਹਾੜ ਵੀ ਨੇ, ਬਾਗ਼ ਵੀ ਨੇ ਤੇ ਇੱਧਰ ਜੰਗਲ਼ ਵੀ। ਫਿਰ ਤੂੰ ਦੇਖ ਕਿੰਨਾ ਭਾਗਾਂ ਵਾਲ਼ਾ ਹੈਂ!" ਮਾਮਾ ਜੀ ਨੇ ਗੱਲ ਸਮਝਾਈ।

"ਮਾਮਾ ਜੀ, ਮੈਂ ਭਾਗਾਂ ਵਾਲ਼ਾ ਕਿਵੇਂ ਬਣ ਗਿਆ?"

"ਦੇਖ ਬੇਟਾ, ਭਾਗਾਂ ਵਾਲ਼ਾ ਉਹ ਹੁੰਦੈ ਜਿਸ ਕੋਲ ਕੁਦਰਤੀ ਸਰਮਾਇਆ ਹੋਵੇ ਤੇ ਇਹ ਸਾਰਾ ਕੁਝ ਕੁਦਰਤੀ ਸਰਮਾਇਆ ਹੀ ਤਾਂ ਹੈ। ਹੋਇਆ ਨਾ, ਤੂੰ ਭਾਗਾਂ ਵਾਲ਼ਾ! ਜਿਹੜੇ ਇਹਨਾਂ ਤੋਂ ਦੂਰ ਬੈਠੇ ਨੇ, ਉਹ ਇਹਨਾਂ ਵਾਸਤੇ ਤਰਸ ਰਹੇ ਨੇ ਤੇ ਤੂੰ ਕੋਲ਼ ਹੋਣ ਕਰਕੇ ਇਹਨਾਂ ਦੇ ਨਜ਼ਾਰੇ ਲੁੱਟ ਸਕਦਾ ਹੈਂ।"



"ਗੱਲ ਤਾਂ ਤੁਹਾਡੀ ਸੱਚੀ ਐ।ਪਰ ਮੈਂ ਤਾਂ ਇਸ ਬਾਰੇ ਕਦੀ ਸੋਚਿਆ ਈ ਨਹੀਂ ਸੀ।"

"ਬੇਟੇ ! ਤੇਰੇ ਪਾਪਾ ਤੈਨੂੰ ਰੋਜ਼ ਇਹੀ ਗੱਲ ਸਮਝਾਉਂਦੇ ਨੇ, ਬਈ ਕੁਦਰਤ ਦੀ ਗੋਦੀ ਦਾ ਨਿੱਘ ਮਾਣੋ। ਇਸ ਨਾਲ਼ ਤਨ, ਮਨ ਤੇ ਬੁੱਧੀ ਨੂੰ ਬਲ ਮਿਲ਼ਦਾ ਹੈ।"

" ਜਦੋਂ ਅਸੀ ਸ਼ੁੱਧ ਹਵਾ ਲੈਂਦੇ ਹਾਂ ਤਾਂ ਸਾਡੇ ਅੰਦਰੋਂ ਆਕਸੀਜਨ ਦੀ ਕਮੀ ਦੂਰ ਹੋ ਜਾਂਦੀ ਹੈ। ਇਸ ਨਾਲ਼ ਸਾਡੀ ਸਰੀਰਿਕ, ਮਾਨਸਿਕ ਅਤੇ ਬੌਧਿਕ ਸਮਰੱਥਾ ਵਧਦੀ ਹੈ। ਇਹਨਾਂ ਦੇ ਫਲ਼ ਸਾਡੇ ਲਈ ਕਿੰਨੇ ਲਾਭਕਾਰੀ ਹਨ। ਫਿਰ ਇੱਥੋਂ ਦੇ ਸੁੰਦਰ ਦ੍ਰਿਸ਼ ਮਨ ਨੂੰ ਮੋਹ ਲੈਂਦੇ ਹਨ। ਜਦੋਂ ਸਾਡਾ ਮਨ ਖ਼ੁਸ਼ ਹੁੰਦਾ ਹੈ ਤਾਂ ਸਾਡੀਆਂ ਮਾਸਪੇਸ਼ੀਆਂ ਬੜਾ ਕੰਮ ਕਰਦੀਆਂ ਨੇ। ਇੰਞ ਸਾਡੀ ਸਿਹਤ ਤੰਦਰੁਸਤ ਰਹਿੰਦੀ ਹੈ........ ਤੇ ਤੂੰ ਸਾਰਾ ਦਿਨ ਟੀ. ਵੀ. ਨਾਲ਼ ਚਿੰਬੜ ਕੇ ਇਹ ਸਾਰਾ ਕੁਝ ਗੁਆਈ ਜਾ ਰਿਹੈਂ।" ਮਾਮਾ ਜੀ ਨੇ ਉਸ ਨੂੰ ਫਿਰ ਹਲੂਣਿਆ।

"ਮਾਮਾ ਜੀ, ਮੈਂ ਕੀ ਗੁਆਈ ਜਾ ਰਿਹਾਂ ?" ਹੈਰੀ ਨੇ ਹੈਰਾਨ ਹੁੰਦਿਆਂ ਪੁੱਛਿਆ।

"ਬੇਟੇ, ਜੋ ਇਸ ਅਖਾਉਤ ਅਨੁਸਾਰ ਮੈਂ ਤੈਨੂੰ ਦੱਸੀਆਂ ਨੇ, ਤੂੰ ਉਹ ਸਾਰੀਆਂ ਗੁਆਈ ਜਾ ਰਿਹੈਂ। ਕਹਿੰਦੇ ਨੇ ਜੇ ਅੱਖਾਂ ਦੀ ਰੋਸ਼ਨੀ ਚਲੀ ਜਾਵੇ ਤਾਂ ਸਾਰਾ ਜਹਾਨ ਹੀ ਚਲਿਆ ਜਾਂਦਾ ਹੈ। ਇਸ ਅਖਾਉਤ ਅਨੁਸਾਰ ਸਭ ਤੋਂ ਪਹਿਲਾਂ ਤਾਂ ਤੂੰ ਆਪਣੀ ਸਿਹਤ ਦਾ ਹੀ ਨੁਕਸਾਨ ਕਰ ਰਿਹੈਂ ਫਿਰ ਆਪਣੀ ਪੜ੍ਹਾਈ ਦਾ। ਇਸ ਤਰ੍ਹਾਂ ਤੂੰ ਸਭ ਕੁਝ ਹੀ ਗੁਆਈ ਜਾ ਰਿਹੈਂ।"

ਮਾਮਾ ਜੀ ਏਨੀਆਂ ਗੱਲਾਂ ਕਰਕੇ ਦੂਸਰੇ ਕਮਰੇ ਵਿੱਚ ਹੈਰੀ ਦੇ ਪਾਪਾ ਜੀ ਨਾਲ਼ ਗੱਲਾਂ ਵਿੱਚ ਮਸਤ ਹੋ ਗਏ । ਹੈਰੀ ਨੇ ਮਾਮਾ ਜੀ ਦੀਆਂ ਗੱਲਾਂ ਤੋਂ ਪ੍ਰਭਾਵਿਤ ਹੋ ਕੇ ਬਾਹਰ ਬਾਗ਼ ਵਿੱਚ ਜਾਣ ਦਾ ਮਨ ਬਣਾ ਲਿਆ। ਉਸ ਦੇ ਸਾਥੀ ਪ੍ਰਿਅੰਕਾ, ਨੈਨਸੀ, ਸੁਰਖ਼ਾਬ, ਤਨੂੰ, ਬੱਬੂ ਤੇ ਪ੍ਰਿੰਸ ਵੀ ਨਾਲ਼ ਸਨ। ਉਹਨਾਂ ਨੂੰ ਬਾਗ਼ ਵਿੱਚ ਘੁੰਮਣ ਨਾਲ਼ ਬੜਾ ਅਨੰਦ ਮਿਲ਼ਿਆ। ਕਿਤੇ ਅੰਬਾਂ ਨਾਲ਼ ਲੱਦੇ ਬੂਟੇ, ਕਿਤੇ ਜਾਮਣਾਂ ਦੀ ਠੰਢੀ ਛਾਂ ! ਸਾਰੇ ਬਾਗ਼ ਵਿੱਚ ਹਰਿਆਲੀ ਅਤੇ ਏ. ਸੀ. ਵਾਲ਼ੀ ਠੰਢਕ ਮਹਿਸੂਸ ਕਰਕੇ ਬੱਚੇ ਟੀ. ਵੀ. ਦੇਖਣਾ ਵੀ ਭੁੱਲ ਗਏ ਸਨ।

ਬਾਗ਼ ਵਿੱਚ ਉਹਨਾਂ ਦੇਖਿਆ ਕਿ ਇੱਕ ਕਿਨਾਰੇ ਲੱਗੀ ਜਾਮਣ 'ਤੇ ਕਈ ਪੰਛੀਆਂ ਨੇ ਆਲ੍ਹਣੇ ਪਾਏ ਹੋਏ ਨੇ। ਪੰਛੀ ਆਪਣੀ ਮਸਤੀ ਵਿੱਚ ਗੀਤ ਗਾ ਰਹੇ ਸਨ। ਜਦੋਂ ਉਹਨਾਂ ਬਾਗ਼ ਵਿੱਚ ਏਨੇ ਪੰਛੀ ਘੁੰਮਦੇ ਦੇਖੇ ਤਾਂ ਉਹਨਾਂ ਦੀ ਆਮਦ ਦੀ ਖ਼ੁਸ਼ੀ ਵਿੱਚ ਸਾਰੇ ਗੀਤ ਗਾਉਣ ਲੱਗ ਪਏ। ਹੈਰੀ ਹੋਰੀਂ ਵੀ ਉਹਨਾਂ ਦੇ ਗੀਤ ਸੁਣ ਕੇ ਲੁੱਡੀਆਂ ਪਾਉਣ ਲੱਗੇ । ਤਰ੍ਹਾਂ-ਤਰ੍ਹਾਂ ਦੇ ਖੰਭਾਂ ਵਾਲ਼ੇ ਪੰਛੀ ਜਦੋਂ ਉਹਨਾਂ ਕੋਲ਼ੋਂ ਉਡਾਰੀ ਮਾਰਦੇ ਤਾਂ ਬੱਚਿਆਂ ਦੇ ਮਨਾਂ ਵਿੱਚ ਵੀ ਉਹਨਾਂ ਵਾਂਗ ਉਡਾਰੀਆਂ ਮਾਰਨ ਨੂੰ ਜੀਅ ਕਰਦਾ। ਉਹ ਸਾਰਾ ਦਿਨ ਉੱਥੇ ਹੀ ਘੁੰਮਦੇ ਰਹੇ। ਜਦੋਂ ਘਰ ਵਾਪਸ ਆਏ ਤਾਂ ਉਹਨਾਂ ਦੇ ਮਾਤਾ ਜੀ ਨੇ ਪੁੱਛਿਆ, "ਬਈ, ਅੱਜ ਕਿਧਰ ਰਹੇ?"

ਹੈਰੀ ਨੇ ਬੜੀ ਖ਼ੁਸ਼ੀ ਨਾਲ਼ ਜਵਾਬ ਦਿੱਤਾ, "ਮੰਮੀ ਜੀ, ਅੱਜ ਤਾਂ ਕਮਾਲ ਹੋ ਗਿਆ ! ਅਸੀਂ ਬੜੇ ਨਜ਼ਾਰੇ ਲੁੱਟੇ। ਹੁਣ ਤਾਂ ਅਸੀਂ ਰੋਜ਼ ਬਾਗ਼ ਵਿੱਚ ਜਾਇਆ ਕਰਾਂਗੇ। ਮਾਮਾ ਜੀ ਸਭ ਕੁਝ ਠੀਕ ਹੀ ਕਹਿੰਦੇ ਸਨ।" "ਅੱਛਾ ਜੀ ! ਲੱਗਦੈ, ਤੁਸੀਂ ਹੁਣ ਡਾਕਟਰ ਮਾਮਾ ਜੀ ਦੀ ਗੱਲ ਮੰਨ ਲਈ !"

"ਹਾਂ, ਅਸੀਂ ਅੰਦਰ ਵੜ ਕੇ ਟੀ. ਵੀ. ਨ੍ਹੀਂ ਦੇਖਣਾ ਸਗੋਂ ਕੁਦਰਤੀ ਨਜ਼ਾਰਿਆਂ ਦਾ ਅਨੰਦ ਲੈਣਾ ਹੈ। ਉੱਥੇ ਬੜੇ ਮਜ਼ੇ ਨੇ," ਹੈਰੀ ਨੇ ਕਿਹਾ।

ਪਰ ਇੱਕ ਦਿਨ ਜਦੋਂ ਹੈਰੀ ਦੀ ਟੋਲੀ ਬਾਗ਼ ਵਿੱਚ ਪਹੁੰਚੀ ਤਾਂ ਪੰਛੀਆਂ ਨੇ ਉੱਥੇ ਬੜਾ ਰੌਲ਼ਾ ਪਾਇਆ ਹੋਇਆ ਸੀ। ਉਹ ਹੈਰਾਨ ਸਨ ਕਿ ਅੱਜ ਪੰਛੀ ਗੀਤ ਕਿਉਂ ਨਹੀਂ ਗਾਉਂਦੇ? ਜਦੋਂ ਉਹ ਬਾਗ਼ ਦੇ ਦੂਜੇ ਕਿਨਾਰੇ ਪਹੁੰਚੇ ਤਾਂ ਕੁਝ ਆਦਮੀ ਜਾਮਣ ਦੇ ਉਸ ਰੁੱਖ ਨੂੰ ਵੱਢਣ ਲਈ ਟੋਇਆ ਪੁੱਟ ਰਹੇ ਸਨ ਜਿਸ ਉੱਤੇ ਕਿ ਕਈ ਪੰਛੀਆਂ ਨੇ ਆਪਣੇ ਆਲ੍ਹਣੇ ਪਾਏ ਹੋਏ ਸਨ। ਇਸ ਕਰਕੇ ਪੰਛੀ ਅੱਜ ਬਹੁਤ ਰੌਲ਼ਾ ਪਾ ਰਹੇ ਸਨ। ਉਹਨਾਂ ਦੀ ਪੂਰੀ ਬਸਤੀ ਉਸ ਰੁੱਖ ਉੱਤੇ ਆ ਬੈਠੀ ਜਾਪਦੀ ਸੀ।

ਕੁਝ ਪੰਛੀਆਂ ਨੇ ਬੱਚਿਆਂ ਦੇ ਕੋਲ਼ ਆ ਕੇ ਚੀਂ-ਚੀਂ ਕੀਤੀ, ਜਿਵੇਂ ਉਹ ਬੱਚਿਆਂ ਨੂੰ ਕਹਿ ਰਹੇ ਹੋਣ ਕਿ ਇਹਨਾਂ ਨੂੰ ਰੋਕੋ। ਦਰਖ਼ਤ ਵੱਢ ਹੁੰਦੇ ਦੇਖ ਕੇ ਬੱਚੇ ਬੜੇ ਦੁਖੀ ਹੋਏ। ਉਹਨਾਂ ਨੇ ਸੋਚਿਆ ਕਿ ਇਹਨਾਂ ਨੂੰ ਕਿਸੇ ਤਰ੍ਹਾਂ ਰੋਕਿਆ ਜਾਵੇ। ਹੈਰੀ ਨੂੰ ਇੱਕ ਸਕੀਮ ਸੁੱਝੀ। ਇਹ ਬਾਗ਼ ਉਸ ਦੇ ਤਾਏ ਦਾ ਹੀ ਸੀ ਇਸ ਲਈ ਉਸ ਨੇ ਆਪਣੇ ਤਾਏ ਨਾਲ਼ ਗੱਲ ਕਰਨੀ ਚਾਹੀ ਜਿਹੜਾ ਕਿ ਦਰਖ਼ਤ ਵਢਵਾ ਰਿਹਾ ਸੀ।

"ਤਾਇਆ ਜੀ, ਤੁਸੀਂ ਇਹਨਾਂ ਦਰਖ਼ਤਾਂ ਨੂੰ ਕਿਉਂ ਵੱਢ ਰਹੇ ਹੋ?" ਉਸ ਨੇ ਆਪਣੇ ਤਾਏ ਨੂੰ ਪੁੱਛਿਆ।

"ਬੇਟਾ, ਮੈਨੂੰ ਥੋੜ੍ਹੇ ਪੈਸੇ ਚਾਹੀਦੇ ਨੇ। ਮੈਂ ਕੁਝ ਰੁੱਖ ਵੱਢ ਕੇ ਲੱਕੜ ਵੇਚਣੀ ਹੈ। ਇਸ ਲਈ ਵਢਵਾ ਰਿਹਾਂ।"

ਹੈਰੀ ਉਸੇ ਵੇਲ਼ੇ ਭੱਜਿਆ- ਭੱਜਿਆ ਆਪਣੇ ਪਾਪਾ ਕੋਲ਼ ਆਇਆ ਤੇ ਕਹਿਣ ਲੱਗਾ, "ਪਾਪਾ ਜੀ ! ਕੁਝ ਬੰਦੇ ਬਾਗ਼ ਵਿੱਚ ਰੁੱਖ ਵੱਢ ਰਹੇ ਨੇ । ਉੱਥੇ ਪੰਛੀਆਂ ਦੇ ਆਲ੍ਹਣਿਆਂ ਵਿੱਚ ਆਂਡੇ------ਬੱਚੇ----!" ਉਹ ਇੱਕੋ-ਸਾਹੇ ਬੋਲੀ ਜਾ ਰਿਹਾ ਸੀ।

ਪਿਤਾ ਨੇ ਉਸ ਨੂੰ ਆਪਣੇ ਕਲ਼ਾਵੇ ਵਿੱਚ ਲਿਆ ਤੇ ਪਿਆਰ ਨਾਲ਼ ਪੁੱਛਿਆ, "ਬੇਟੇ, ਸਾਹੋ-ਸਾਹ ਕਿਉਂ ਹੋਇਆ ਪਿਐਂ?"

"ਉਹ...... ਬੱਚੇ ਬਚਾਓ..... ਆਲ੍ਹਣੇ ਤੇ ......ਪੰਛੀ ਵੀ। ਅਸੀਂ ਉਹਨਾਂ ਨਾਲ਼ ਰੋਜ਼ ਖੇਡਦੇ ਹਾਂ। ਤੁਸੀਂ ਤਾਇਆ ਜੀ ਨੂੰ ਸਮਝਾਓ," ਹੈਰੀ ਬੋਲਿਆ।

"ਅੱਛਾ ! ਇਹ ਗੱਲ ਹੈ? ....... ਜਾਹ, ਜਾ ਕੇ ਆਪਣੇ ਤਾਏ ਨੂੰ ਆਖ ਦੇ ਕਿ ਜਿੰਨੇ ਪੈਸਿਆਂ ਦੀ ਉਸ ਨੂੰ ਲੋੜ ਹੈ, ਮੈਥੋਂ ਲੈ ਲਵੇ ਤੇ ਜਦੋਂ ਚਾਹੇ ਵਾਪਸ ਕਰ ਦੇਵੇ ਪਰ ਇਹਨਾਂ ਦਰਖ਼ਤਾਂ ਨੂੰ ਨਾ ਵੱਢੇ।"

ਬੱਚਿਆਂ ਦਾ ਰੌਲ਼ਾ ਸੁਣ ਕੇ ਟੋਇਆ ਪੁੱਟਣ ਵਾਲ਼ੇ ਸਾਰੇ ਜਣੇ ਰੁਕ ਗਏ। ਤਾਇਆ ਜੀ ਨੇ ਪੁੱਛਿਆ, "ਹਾਂ ਬਈ! ਕੀ ਹੋ ਗਿਆ?"

ਹੈਰੀ ਨੇ ਅੱਗੇ ਹੋ ਕੇ ਆਪਣੇ ਤਾਏ ਦੀ ਬਾਂਹ ਫੜ ਲਈ ਤੇ ਕਿਹਾ, "ਤਾਇਆ ਜੀ! ਚੱਲੋ, ਜਿੰਨੇ ਪੈਸੇ ਤੁਹਾਨੂੰ ਚਾਹੀਦੇ ਹਨ, ਮੇਰੇ ਪਾਪਾ ਜੀ ਕੋਲ਼ੋਂ ਲੈ ਲਵੋ ਤੇ ਇਹਨਾਂ ਨੂੰ ਨਾ ਵੱਢੋ। ਪਾਪਾ ਜੀ ਤੁਹਾਨੂੰ ਉਡੀਕ ਰਹੇ ਨੇ।"

"ਚਲੋ ਬਈ, ਠੀਕ ਐ। ਆਪਾਂ ਨੂੰ ਤਾਂ ਪੈਸੇ ਹੀ ਚਾਹੀਦੇ ਨੇ। ਇਹ ਕੰਮ ਫਿਰ ਕਦੇ ਸਹੀ। ਜਾਓ ਬਈ, ਮੁੰਡਿਓ ! ਆਪਾਂ ਅਜੇ ਨੀਂ ਹੁਣ ਇਹ ਰੁੱਖ ਵੱਢਣੇ।"

ਇਹ ਸ਼ਬਦ ਸੁਣ ਕੇ ਸਾਰੇ ਬੱਚਿਆਂ ਨੇ ਤਾੜੀਆਂ ਵਜਾਈਆਂ ਤੇ ਖ਼ੂਬ ਲੁੱਡੀਆਂ ਪਾਈਆਂ। ਕਹੀਆਂ ਤੇ ਕੁਹਾੜੀਆਂ ਲਈ ਵਾਪਸ ਜਾਂਦੇ ਆਦਮੀਆਂ ਨੂੰ ਦੇਖ ਕੇ ਪੰਛੀ ਵੀ ਸਮਝ ਗਏ ਸਨ ਕਿ ਇਹ ਰੁੱਖ ਹੁਣ ਨਹੀਂ ਵੱਢ ਹੋਣਗੇ। ਉਹ ਵੀ ਖ਼ੁਸ਼ੀ ਨਾਲ਼ ਗੀਤ ਗਾਉਂਦੇ ਹੋਏ, ਜਾਣੋ ਬੱਚਿਆਂ ਦਾ ਧੰਨਵਾਦ ਕਰਨ ਲੱਗੇ।

**ਔਖੇ ਸ਼ਬਦਾਂ ਦੇ ਅਰਥ:-**

| | | |
|---|---|---|
| ਵਿਸ਼ਾਲ | - | ਵੱਡੇ, ਖੁੱਲ੍ਹੇ |
| ਨਜ਼ਾਰੇ | - | ਦ੍ਰਿਸ਼, ਅਨੰਦ |
| ਸਕੀਮ | - | ਜੁਗਤ, ਉਪਾਅ, ਵਿਓਂਤ |
| ਆਮਦ | - | ਆਉਣ ਦਾ ਭਾਵ, ਆ ਜਾਣਾ |
| ਲੁੱਡੀਆਂ ਪਾਉਣਾ | - | ਖ਼ੁਸ਼ੀਆਂ ਮਨਾਉਣਾ, ਖ਼ੁਸ਼ੀ ਵਿੱਚ ਨੱਚਣਾ-ਟੱਪਣਾ |

## ਪਾਠ-ਅਭਿਆਸ

1. **ਖ਼ਾਲੀ ਸਥਾਨ ਭਰੋ :-**

(ੳ) ਹੈਰੀ ਦੇ ਘਰ ਦੇ ਲਾਗੇ ਦਰਖ਼ਤਾਂ ਦਾ ਇੱਕ .................... ਸੀ।

(ਅ) ਕੁਦਰਤ ਦੀ ਗੋਦੀ ਦਾ .................... ਮਾਣੋ।

(ੲ) ਜਾਮਣ 'ਤੇ ਕਈ ਪੰਛੀਆਂ ਨੇ .................... ਪਾਏ ਹੋਏ ਸਨ।

(ਸ) ਕੁਝ .................... ਨੇ ਬੱਚਿਆਂ ਕੋਲ਼ ਆ ਕੇ ਚੀਂ-ਚੀਂ ਕੀਤੀ।

(ਹ) ਮੈਂ ਕੁਝ ਰੁੱਖ ਵੱਢ ਕੇ .................... ਵੇਚਣੀ ਹੈ।

2. **ਇੱਕ-ਦੋ ਸ਼ਬਦਾਂ ਵਿਚ ਉੱਤਰ ਦਿਓ:-**

(ੳ) ਹੈਰੀ ਦੀਆਂ ਅੱਖਾਂ ਵਿੱਚ ਰੜਕ ਕਿਉਂ ਪੈਣ ਲੱਗ ਪਈ ਸੀ?

(ਅ) ਹੈਰੀ ਦੇ ਘਰ ਦੇ ਚੜ੍ਹਦੇ ਪਾਸੇ ਵੱਲ ਕਿਹੜੀਆਂ ਪਹਾੜੀਆਂ ਸਨ?

(ੲ) ਬਾਗ਼ ਵਿੱਚ ਜਾ ਕੇ ਬੱਚੇ ਕਿਹੜੀ ਗੱਲ ਭੁੱਲ ਗਏ?

(ਸ) ਹੈਰੀ ਦੇ ਮਾਮਾ ਜੀ ਕੀ ਕੰਮ ਕਰਦੇ ਸਨ?

(ਹ) ਕਿਸ ਨੂੰ ਵੇਖ ਕੇ ਬੱਚਿਆਂ ਦਾ ਦਿਲ ਉਡਾਰੀ ਮਾਰਨ ਨੂੰ ਕੀਤਾ?

3. **ਉੱਤਰ ਦਿਓ:-**

(ੳ) ਇਸ ਕਹਾਣੀ ਅਨੁਸਾਰ ਭਾਗਾਂ ਵਾਲ਼ਾ ਕੌਣ ਹੁੰਦਾ ਹੈ?

(ਅ) ਕੁਦਰਤ ਦੇ ਨੇੜੇ ਰਹਿਣ ਨਾਲ਼ ਕਿਸ ਨੂੰ ਬਲ ਮਿਲ਼ਦਾ ਹੈ?

(ੲ) ਹੈਰੀ ਨੇ ਆਪਣੇ ਮਾਮਾ ਜੀ ਦੀ ਕਿਹੜੀ ਗੱਲ ਮੰਨ ਲਈ?

(ਸ) ਬੱਚੇ ਕਿਉਂ ਦੁਖੀ ਹੋਏ?

(ਹ) ਹੈਰੀ ਨੇ ਆਲ੍ਹਣਿਆਂ ਦੀ ਰਾਖੀ ਕਿਵੇਂ ਕੀਤੀ?

4. **ਹੇਠ ਲਿਖੇ ਪੰਜਾਬੀ ਸ਼ਬਦਾਂ ਨੂੰ ਹਿੰਦੀ ਵਿੱਚ ਲਿਖੋ-**

1. ਆਲ੍ਹਣਾ -
2. ਨਜ਼ਾਰੇ -
3. ਜੰਗਲ਼ -
4. ਪੰਛੀ -
5. ਪੁੱਟਣਾ -
6. ਕੁਹਾੜੀ -

ਆਪਣੇ ਘਰ ਦੇ ਆਲ਼ੇ-ਦੁਆਲ਼ੇ ਕੁਦਰਤੀ ਨਜ਼ਾਰਿਆਂ ਦੀ ਭਾਲ਼ ਕਰੋ।

ਪਾਠ-3

# ਮੇਰੀ ਪਿਆਰੀ ਮਾਂ




ਠੰਢੀ-ਮਿੱਠੀ ਜਿਸ ਦੀ ਛਾਂ,
ਉਹ ਹੈ ਮੇਰੀ ਪਿਆਰੀ ਮਾਂ।

ਗੋਦੀ ਚੁੱਕ ਕੇ ਲਾਡ ਲਡਾਵੇ,
ਚੂਰੀ ਕੁੱਟ ਮੇਰੇ ਮੂੰਹ ਵਿੱਚ ਪਾਵੇ,
ਮੇਰੇ ਦਿਲ ਵਿੱਚ ਜਿਸ ਦੀ ਥਾਂ,
ਉਹ ਹੈ ਮੇਰੀ ਪਿਆਰੀ ਮਾਂ।

ਭੁੱਖ ਲੱਗੇ ਉਹ ਝੱਟ ਰਜਾਉਂਦੀ,
ਮਿੱਠਾ-ਮਿੱਠਾ ਦੁੱਧ ਪਿਆਉਂਦੀ,
ਦੁੱਖਾਂ ਵੇਲ਼ੇ ਫੜਦੀ ਬਾਂਹ,
ਉਹ ਹੈ ਮੇਰੀ ਪਿਆਰੀ ਮਾਂ।

ਮੈਂ ਅੰਮੀ ਦਾ ਲਾਡ -ਦੁਲਾਰਾ,
ਮੈਨੂੰ ਆਖੇ ਚੰਨ ਤੇ ਤਾਰਾ,
ਮੇਰਾ ਤੱਕਦੀ ਰਹਿੰਦੀ ਰਾਹ,
ਉਹ ਹੈ ਮੇਰੀ ਪਿਆਰੀ ਮਾਂ।

ਮੈਂ ਹੱਸਾਂ, ਉਹ ਖਿੜ-ਖਿੜ ਹੱਸੇ,
ਵਾਲ਼ਾਂ ਵਿੱਚ ਮੇਰੇ ਤੇਲ ਵੀ ਝੱਸੇ,
ਉਸ ਦੇ ਨਾਲ਼ ਹੀ ਜਚੇ ਗਰਾਂਅ,
ਉਹ ਹੈ ਮੇਰੀ ਪਿਆਰੀ ਮਾਂ।

**ਔਖੇ ਸ਼ਬਦਾਂ ਦੇ ਅਰਥ :-**

| | | |
|---|---|---|
| ਬਾਂਹ -ਫੜਨਾ | - | ਆਸਰਾ ਦੇਣਾ, ਸ਼ਰਨ ਵਿੱਚ ਲੈਣਾ |
| ਰਾਹ-ਤੱਕਣਾ | - | ਉਡੀਕਣਾ, ਇੰਤਜ਼ਾਰ ਕਰਨਾ |
| ਝੱਸੇ | - | ਤੇਲ ਆਦਿ ਮਲ਼ਨਾ, ਮਾਲਸ਼ ਕਰਨੀ |
| ਜਚੇ | - | ਚੰਗਾ ਲੱਗੇ, ਫਬੇ |
| ਗਰਾਂਅ | - | ਪਿੰਡ, ਛੋਟਾ ਨਗਰ, ਬਸਤੀ |

## ਪਾਠ-ਅਭਿਆਸ

1. **ਖ਼ਾਲੀ ਸਥਾਨ ਭਰੋ:-**

ੳ. ___________ਮਿੱਠੀ ਜਿਸ ਦੀ ਛਾਂ।

ਅ. ਮਿੱਠਾ-ਮਿੱਠਾ ___________ਪਿਆਉਂਦੀ।

ੲ. ਮੈਂ___________ਦਾ ਲਾਡ-ਦੁਲਾਰਾ।

ਸ. ਮੈਨੂੰ ਆਖੇ___________ਤੇ ਤਾਰਾ।

ਹ. ਮੈਂ ਹੱਸਾਂ, ਉਹ___________ਹੱਸੇ।

2. ਇੱਕ-ਦੋ ਸ਼ਬਦਾਂ ਵਿੱਚ ਉੱਤਰ ਦਿਓ-

ੳ. ਮਾਂ ਬੱਚੇ ਨਾਲ਼ ਲਾਡ ਕਿਵੇਂ ਲਡਾਉਂਦੀ ਹੈ?

ਅ. ਬੱਚੇ ਦਾ ਰਾਹ ਕੌਣ ਤੱਕਦਾ ਹੈ?

ੲ. ਬੱਚੇ ਦੇ ਦੁੱਖ ਵੇਲ਼ੇ ਮਾਂ ਕੀ ਕਰਦੀ ਹੈ?

3. ਹੇਠਾਂ ਗੁਰਮੁਖੀ ਅਤੇ ਦੇਵਨਾਗਰੀ ਵਿੱਚ ਦਿੱਤੇ ਸ਼ਬਦ-ਜੋੜਾਂ ਦੇ ਅੰਤਰ ਨੂੰ ਸਮਝੋ ਅਤੇ ਗੁਰਮੁਖੀ ਵਿੱਚ ਲਿਖੇ ਸ਼ਬਦਾਂ ਨੂੰ ਲਿਖੋ:-

ਗੋਦੀ : गोद

ਪਿਆਰੀ : प्यारी

ਚੰਨ : चंद्रमा

ਰਾਹ : रास्ता

ਗਰਾਂਅ : ग्राम

4. ਹੇਠਾਂ ਇੱਕ ਹੀ ਅਰਥ ਲਈ ਪੰਜਾਬੀ ਅਤੇ ਹਿੰਦੀ ਵਿੱਚ ਭਿੰਨ-ਭਿੰਨ ਸ਼ਬਦ ਦਿੱਤੇ ਹਨ। ਇਹਨਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਪੰਜਾਬੀ ਦੇ ਸ਼ਬਦਾਂ ਨੂੰ ਲਿਖੋ:-

ਲਾਡ : प्यार

ਵਿੱਚ : में

ਤੱਕਦੀ : देखती

ਉਹ : वह

ਵੇਲ਼ੇ : समय

ਝੱਸੇ : मालिश करती

**ਆਪਣੇ ਮਾਤਾ ਜੀ ਦੇ ਗੁਣਾਂ ਬਾਰੇ ਪੰਜ ਵਾਕ ਲਿਖੋ।**

ਪਾਠ-4

# ਕਿੱਕਲੀ



ਕਿੱਕਲੀ ਪੰਜਾਬ ਦੀਆਂ ਕੁੜੀਆਂ ਦੀ ਹਰਮਨ-ਪਿਆਰੀ ਖੇਡ ਹੈ। ਇਸ ਵਿੱਚ ਦੋ-ਦੋ ਕੁੜੀਆਂ ਜੁੱਟ ਬਣਾ ਕੇ ਨੱਚਦੀਆਂ ਹਨ। ਦੋ ਕੁੜੀਆਂ ਆਮ੍ਹੋ-ਸਾਮ੍ਹਣੇ ਖਲੋ ਕੇ ਇੱਕ-ਦੂਜੀ ਦੇ ਹੱਥ ਫੜ ਕੇ ਕੰਘੀਆਂ ਪਾ ਲੈਂਦੀਆਂ ਹਨ। ਫਿਰ ਉਹ ਆਪਣੀਆਂ ਅੱਡੀਆਂ ਜੋੜ ਕੇ ਇੱਕ-ਦੂਜੀ ਦੇ ਪੈਰਾਂ ਦੀਆਂ ਉਂਗਲ਼ਾਂ ਨਾਲ਼ ਉਂਗਲ਼ਾਂ ਜੋੜਦੀਆਂ ਹਨ ਅਤੇ ਬਾਂਹਾਂ ਨੂੰ ਖਿੱਚ ਕੇ ਆਪਣੇ ਪੈਰਾਂ ਉੱਪਰ ਚਕਰਚੂੰਢੇ ਵਾਂਗ ਘੁੰਮਦੀਆਂ ਹਨ। ਗੇੜੇ ਦੀ ਚਾਲ ਨਾਲ਼ ਉਹ ਕਿੱਕਲੀ ਦੇ ਗੀਤ ਗਾਉਂਦੀਆਂ ਹਨ :-

ਕਿੱਕਲੀ ਕਲੀਰ ਦੀ।
ਪੱਗ ਮੇਰੇ ਵੀਰ ਦੀ।
ਦੁਪੱਟਾ ਭਰਜਾਈ ਦਾ।
ਸੋਹਣਾ ਮੂੰਹ ਜਵਾਈ ਦਾ।

ਗਈ ਸਾਂ ਮੈਂ ਗੰਗਾ।
ਚੜ੍ਹਾ ਲਿਆਈ ਵੰਗਾਂ।
ਅਸਮਾਨੀ ਮੇਰਾ ਘੱਗਰਾ।
ਮੈਂ ਕਿਹੜੀ ਕਿੱਲੀ ਟੰਗਾਂ?

ਨੀਂ ਮੈਂ ਐਸ ਕਿੱਲੀ ਟੰਗਾਂ।

ਨੀਂ ਮੈਂ ਔਸ ਕਿੱਲੀ ਟੰਗਾਂ।

ਕਿੱਕਲੀ ਦੇ ਗੀਤਾਂ ਵਿੱਚ ਭੈਣ ਦਾ ਵੀਰ-ਪਿਆਰ ਹੀ ਵਧੇਰੇ ਪ੍ਰਗਟ ਹੋਇਆ ਹੈ। ਭੈਣ ਦੇ ਦਿਲ ਵਿੱਚ ਆਪਣੇ ਵੀਰ ਲਈ ਕਿੰਨਾ ਚਾਅ ਹੈ ! ਵੀਰ ਦੀ ਨਵੀਂ ਵਹੁਟੀ ਘਰ ਆਉਂਦੀ ਹੈ। ਨਿੱਕੀ ਭੈਣ ਦਾ ਚਾਅ ਝੱਲਿਆ ਨਹੀਂ ਜਾਂਦਾ। ਉਹ ਗਾਉਂਦੀ ਹੈ:

ਕਿੱਕਲੀ ਕਲੀਰ ਦੀ।

ਪੱਗ ਮੇਰੇ ਵੀਰ ਦੀ।

ਵੀਰ ਮੇਰਾ ਜਾਵੇਗਾ।

ਭਾਬੋ ਨੂੰ ਲਿਆਵੇਗਾ।

ਸਹੇਲੀਆਂ ਸਦਾਵਾਂਗੀ।

ਨੱਚਾਂਗੀ ਤੇ ਗਾਵਾਂਗੀ।

ਜੰਞ ਚੜ੍ਹੀ ਵੀਰ ਦੀ।

ਕਿੱਕਲੀ ਕਲੀਰ ਦੀ।

ਵੀਰ ਬਾਰੇ ਇੱਕ ਹੋਰ ਗੀਤ ਬਹੁਤ ਸੁੰਦਰ ਸ਼ਬਦਾਂ ਵਿੱਚ ਬਿਆਨ ਕੀਤਾ ਹੈ:

ਹੇਠ ਵਗੇ ਦਰਿਆ,

ਉੱਤੇ ਮੈਂ ਖੜ੍ਹੀ।

ਮੇਰੇ ਵੀਰ ਨੇ ਲਾਇਆ ਬਾਗ਼,

ਖਿੜ ਪਈ ਚੰਬਾ-ਕਲੀ।

ਚੰਬਾ-ਕਲੀ ਨਾ ਤੋੜ,

ਵੀਰ ਮੇਰਾ ਮਾਰੇਗਾ।

ਮੇਰਾ ਵੀਰ ਵੱਡਾ ਸਰਦਾਰ,

ਬਹਿੰਦਾ ਕੁਰਸੀ ’ਤੇ।

ਕਿੱਕਲੀ ਦੇ ਗੀਤਾਂ ਨੂੰ ਗਾਉਣ ਦਾ ਇੱਕ ਹੋਰ ਢੰਗ ਵੀ ਹੈ। ਕੁੜੀਆਂ ਧਰਤੀ ’ਤੇ ਬੈਠ ਕੇ ਜਾਂ ਖਲੋ ਕੇ ਇੱਕ-ਦੂਜੀ ਦੇ ਹੱਥਾਂ ’ਤੇ ਤਾੜੀਆਂ ਮਾਰ ਕੇ ਤਾੜੀਆਂ ਦੀ ਤਾਲ ਨਾਲ਼ ਗੀਤ ਦੇ ਬੋਲ ਬੋਲਦੀਆਂ ਹਨ ਤੇ ਆਖ਼ਰੀ ਟੱਪੇ ’ਤੇ ਕਿੱਕਲੀ ਪਾਉਂਦੀਆਂ ਹੋਈਆਂ ਦੁਹਰਾਉਂਦੀਆਂ ਹਨ :

ਤੋਤੜਿਆ, ਤੋਤੜਿਆ,

ਤੋਤੜਿਆ, ਮਤੋਤੜਿਆ।

ਤੋਤਾ ਹੈ ਸਿਕੰਦਰ ਦਾ,

ਪਾਣੀ ਪੀਵੇ ਮੰਦਰ ਦਾ।

ਸ਼ੀਸ਼ਾ ਵੇਖੇ ਲਹਿਰੇ ਦਾ,
ਕੰਮ ਕਰੇ ਦੁਪਹਿਰੇ ਦਾ।
ਕਾਕੜਾ ਖਿਡਾਉਂਦੀ ਆਂ,
ਚਾਰ ਛੱਲੇ ਪਾਉਂਦੀ ਆਂ।
ਖੋਲ੍ਹ ਮਾਸੀ ਕੁੰਡਾ,
ਜੀਵੇ ਤੇਰਾ ਮੁੰਡਾ।

ਇੱਕ ਹੋਰ ਗੀਤ ਵਿੱਚ ਭੈਣ ਆਪਣੇ ਛੋਟੇ ਭਰਾ ਨੂੰ ਸਾਂਝੀ ਥਾਂ ਤੋਂ ਟਾਹਲੀ ਦੇ ਰੁੱਖ ਵੱਢਣੋਂ ਰੋਕਦੀ ਹੈ:

ਉੱਚੇ ਟਿੱਬੇ ਮੈਂ ਆਟਾ ਗੁੰਨ੍ਹਦੀ,
ਆਟੇ 'ਤੇ ਆ ਗਈ ਲਾਲੀ।
ਵੀਰਾ ਨਾ ਵੱਢ ਵੇ,
ਸ਼ਾਮਲਾਟ ਦੀ ਟਾਹਲੀ।
ਵੀਰਾ ਨਾ ਵੱਢ ਵੇ।

ਕਿੱਕਲੀ ਦਾ ਇੱਕ ਹੋਰ ਗੀਤ ਇਸ ਤਰ੍ਹਾਂ ਹੈ:

ਛੀ, ਛਾਂ,
ਜੀਵੇ ਮਾਂ।
ਖੱਖੜੀਆਂ, ਖ਼ਰਬੂਜ਼ੇ ਖਾਂ,
ਖਾਂਦੀ-ਖਾਂਦੀ ਕਾਬਲ ਜਾਂ।
ਗੋਰੀ ਗਾਂ, ਗੁਲਾਬੀ ਵੱਛਾ,
ਮਾਰੇ ਸਿੰਗ ਤੁੜਾਵੇ ਰੱਸਾ।

ਹਾਸਿਆਂ-ਤਮਾਸ਼ਿਆਂ ਭਰੇ ਬੋਲਾਂ ਨਾਲ਼ ਕਿੱਕਲੀ ਪਾਉਂਦੀਆਂ ਕੁੜੀਆਂ ਇੱਕ ਰੰਗ ਬੰਨ੍ਹ ਦਿੰਦੀਆਂ ਹਨ:

ਕਿੱਕਲੀ ਕਲੀਰ ਦੀ,
ਪੱਗ ਮੇਰੇ ਵੀਰ ਦੀ।
ਦੁਪੱਟਾ ਮੇਰੀ ਭੈਣ ਦਾ,
ਘੱਗਰਾ ਭਰੈਣ ਦਾ।
ਲੈ ਮਾਮਾ ਪੀੜ੍ਹੀ,
ਪੀੜ੍ਹੀ ਹੇਠ ਕੀੜੀ।
ਭੰਬਾ ਭੰਬੀਰੀ ਦਾ,
ਵੇਖ ਤਮਾਸ਼ਾ ਕੀੜੀ ਦਾ।

### ਔਖੇ ਸ਼ਬਦਾਂ ਦੇ ਅਰਥ:

ਕੰਘੀਆਂ ਪਾਉਣਾ–ਦੋਹਾਂ ਹੱਥਾਂ ਦੀਆਂ ਉਂਗਲ਼ਾਂ ਨੂੰ ਆਪਸ ਵਿੱਚ ਫਸਾ ਲੈਣਾ। ਬਿਆਨ ਕੀਤਾ–ਵਰਨਣ ਕੀਤਾ, ਵਿਆਖਿਆ ਕੀਤੀ। ਚਕਰਚੂੰਢਾ–ਇੱਕ ਝੂਲਾ ਜਿਸ ਦੇ ਦੋਹਾਂ ਸਿਰਿਆਂ 'ਤੇ ਬੈਠ ਕੇ ਬੱਚੇ ਝੂਟੇ ਲੈਂਦੇ ਹਨ, ਇੱਕ ਖਿਡੌਣਾ ਜੋ ਦਸਤੇ ਤੋਂ ਫੜ ਕੇ ਘੁਮਾਈਦਾ ਹੈ, ਬੀਂਡਾ।

## ਪਾਠ–ਅਭਿਆਸ

1. **ਖ਼ਾਲੀ ਸਥਾਨ ਭਰੋ–**

ੳ. ਕਿੱਕਲੀ---------ਦੀਆਂ ਕੁੜੀਆਂ ਦੀ ਹਰਮਨ–ਪਿਆਰੀ ਖੇਡ ਹੈ।

ਅ. ਕਿੱਕਲੀ ਦੇ ਗੀਤਾਂ ਵਿੱਚ ਭੈਣ ਦਾ-------ਹੀ ਵਧੇਰੇ ਪ੍ਰਗਟ ਹੋਇਆ ਹੈ।

ੲ. ਕਿੱਕਲੀ ਕਲੀਰ ਦੀ--------ਮੇਰੇ ਵੀਰ ਦੀ।

ਸ. ਕਿੱਕਲੀ ਪਾਉਂਦੀਆਂ ਕੁੜੀਆਂ --------ਵਾਂਗ ਘੁੰਮਦੀਆਂ ਹਨ।

ਹ. ਖੱਖੜੀਆਂ-------ਖਾਂ, ਖਾਂਦੀ–ਖਾਂਦੀ ਕਾਬਲ ਜਾਂ।

2. **ਇੱਕ–ਦੋ ਸ਼ਬਦਾਂ ਵਿੱਚ ਉੱਤਰ ਦਿਓ:**

ੳ. ਕਿੱਕਲੀ ਵਿੱਚ ਕਿੰਨੀਆਂ ਕੁੜੀਆਂ ਜੁੱਟ ਬਣਾ ਕੇ ਨੱਚਦੀਆਂ ਹਨ?

ਅ. ਕਿੱਕਲੀ ਦੇ ਇੱਕ ਗੀਤ ਵਿੱਚ ਭੈਣ ਆਪਣੇ ਭਰਾ ਨੂੰ ਕਿਹੜੀ ਗੱਲੋਂ ਰੋਕਦੀ ਹੈ?

ੲ. ਕਿੱਕਲੀ ਪਾਠ ਵਿੱਚ ਆਏ ਕਿਸੇ ਦੋ ਰਿਸ਼ਤਿਆਂ ਦੇ ਨਾਂ ਲਿਖੋ।

3. **ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ : –**

ਹਰਮਨ–ਪਿਆਰਾ, ਚਕਰਚੂੰਢਾ, ਸ਼ਾਮਲਾਟ, ਟਾਹਲੀ, ਭੰਬੀਰੀ।

4. **ਹੇਠ ਲਿਖੇ ਗੁਰਮੁਖੀ ਅਤੇ ਦੇਵਨਾਗਰੀ ਵਿੱਚ ਦਿੱਤੇ ਸ਼ਬਦ–ਜੋੜਾਂ ਦੇ ਅੰਤਰ ਨੂੰ ਸਮਝੋ ਅਤੇ ਗੁਰਮੁਖੀ ਵਿੱਚ ਲਿਖੇ ਸ਼ਬਦਾਂ ਨੂੰ ਲਿਖੋ : –**

| | | |
|---|---|---|
| ਪੰਜਾਬ | – | पंजाब |
| ਹੱਥ | – | हाथ |
| ਪੱਗ | – | पगड़ी |
| ਬਹਿੰਦਾ | – | बैठता |
| ਸਿੰਗ | – | सींग |
| ਦੁਪੱਟਾ | – | दुपट्टा |

ਕਿੱਕਲੀ ਪਾਓ ਅਤੇ ਪਾਠ ਵਿੱਚ ਦਿੱਤੇ ਗੀਤ ਗਾ ਕੇ ਅਨੰਦ ਲਓ। ਇਹ ਨਾਚ ਤੁਹਾਨੂੰ ਕਿਹੋ–ਜਿਹਾ ਲੱਗਿਆ? ਇਸ ਸੰਬੰਧੀ ਆਪਣੀ ਸ਼੍ਰੇਣੀ ਵਿੱਚ ਚਰਚਾ ਕਰੋ।

ਪਾਠ-5

# ਦੋ ਕੀੜੀਆਂ

"ਕੁੜੇ ਅਨੀਸ਼ਾ! ਕਿਉਂ ਪਾਣੀ ਵਿੱਚ ਖੇਡਾਂ ਜਿਹੀਆਂ ਕਰੀ ਜਾਨੀ ਐਂ, ਬਿਮਾਰ ਹੋ ਜਾਏਂਗੀ...ਗਰਮੀ ਨੀ ਆਈ ਅਜੇ ...ਜਾਂਦੀ ਠੰਢ ਐ...ਆ ਜਾ ਇੱਧਰ...ਠੰਢੇ ਪਾਣੀ 'ਚੋਂ।" ਅਨੀਸ਼ਾ ਦੀ ਨਾਨੀ ਨੇ ਪਾਣੀ ਨਾਲ਼ ਖੇਡ ਰਹੀ ਆਪਣੀ ਦੋਹਤੀ ਨੂੰ ਵਰਜਿਆ।

"ਨਾਨੀ ਜੀ, ਮੈਂ ਖੇਡਾਂ ਨਹੀਂ ਕਰ ਰਹੀ, ਮੈਂ ਤਾਂ ਵਿਗਿਆਨ ਦਾ ਇੱਕ ਪ੍ਰਯੋਗ ਕਰ ਕੇ ਦੇਖ ਰਹੀ ਆਂ...।" ਅਨੀਸ਼ਾ ਨੇ ਗੱਲ ਪੂਰੀ ਨਹੀਂ ਸੀ ਕੀਤੀ ਕਿ ਉਸ ਦੇ ਨਾਨੀ ਜੀ ਉਹਦੇ ਕੋਲ਼ ਆ ਖਲੋਤੇ ਤੇ ਬੋਲੇ,

"ਕੀ ਕਰਦੀ ਐਂ?"

"ਅੱਜ ਸਾਡੇ ਮੈਡਮ ਨੇ ਦੱਸਿਆ ਸੀ ਕਿ ਜਿਹੜੀਆਂ ਚੀਜ਼ਾਂ ਸਾਨੂੰ ਖ਼ਾਲੀ ਜਾਪਦੀਆਂ ਨੇ, ਉਹਨਾਂ ਵਿੱਚ ਹਵਾ ਭਰੀ ਹੁੰਦੀ ਐ...।" ਤੇ ਫੇਰ ਉਸ ਨੇ ਇੱਕ ਖ਼ਾਲੀ ਬੋਤਲ ਲੈ ਕੇ ਉਸ ਵਿੱਚ ਪਾਣੀ ਭਰਨ ਲਈ ਉਸ ਨੂੰ ਪਾਣੀ ਦੀ ਬਾਲਟੀ ਵਿੱਚ ਡੁਬੋਇਆ। 'ਗੜੂੰ-ਗੜੂੰ' ਦੀ ਅਵਾਜ਼ ਨਾਲ਼ ਹਵਾ ਬੋਤਲ ਵਿੱਚੋਂ ਬਾਹਰ ਨਿਕਲ਼ਨ ਲੱਗੀ ਅਤੇ ਅਨੀਸ਼ਾ ਫੇਰ ਕਹਿਣ ਲੱਗੀ, "ਦੇਖੋ, ਨਾਨੀ ਜੀ, ਇਹ ਬੋਤਲ ਸਾਨੂੰ ਦੇਖਣ ਲਈ ਖ਼ਾਲੀ ਲੱਗਦੀ ਆ ਪਰ ਆਹ ਦੇਖੋ ਬੁਲਬੁਲੇ ਨਿਕਲ਼ ਰਹੇ ਨੇ, ਹਵਾ ਦੇ...।"

"ਬਹੁਤ ਅੱਛਾ!" ਨਾਨੀ ਨੇ ਗਹੁ ਨਾਲ਼ ਆਪਣੀ ਪੰਜਵੀਂ ਵਿੱਚ ਪੜ੍ਹਦੀ ਦੋਹਤੀ ਵੱਲ ਦੇਖਿਆ।

"ਨਾਨੀ ਜੀ !ਨਾਨੀ ਜੀ !! ਕਿੱਥੇ ਗਏ?" ਅੱਠਵੀਂ ਵਿੱਚ ਪੜ੍ਹਦੀ ਅਨੀਸ਼ਾ ਦਾ ਭਰਾ ਨਵੀਨ ਨਾਨੀ ਨੂੰ ਲੱਭ ਰਿਹਾ ਸੀ।

"ਆ ਜਾ, ਪੁੱਤਰ...ਇੱਧਰ ਆਂ ਮੈਂ...।"



ਨਵੀਨ ਦੇ ਹੱਥ ਵਿੱਚ ਕਾਪੀ ਤੇ ਪੈੱਨ ਸੀ। ਨਾਨੀ ਸਮਝ ਗਈ ਕਿ ਨਵੀਨ ਨੇ ਕੁਝ ਪੁੱਛਣਾ ਹੈ। ਨਵੀਨ ਹੋਰਾਂ ਦੀ

ਨਾਨੀ ਸੇਵਾ-ਮੁਕਤ ਸਕੂਲ-ਅਧਿਆਪਕਾ ਹੈ।ਆਪਣੀ ਇਕਲੌਤੀ ਬੇਟੀ ਦੇ ਬੱਚਿਆਂ ਦਾ ਉਹ ਬਹੁਤ ਧਿਆਨ ਰੱਖਦੀ ਹੈ।

"ਹਾਂ ਬੇਟੇ ! ਦੱਸ, ਕੀ ਪੁੱਛਣੈ?" ਨਾਨੀ ਨੇ ਪੁੱਛਿਆ।

"ਨਾਨੀ ਜੀ !ਸਾਡੇ ਸਕੂਲ ਵਿੱਚ ਭਾਸ਼ਣ-ਮੁਕਾਬਲਾ ਹੋਣੈ," ਨਵੀਨ ਨੇ ਕਿਹਾ।

"ਅੱਛਾ, ਬੋਲਣੇ ਦਾ ਵਿਸ਼ਾ ਕਿਹੜੈ?"

"ਔਗੁਣਾਂ ਨੂੰ ਦੂਰ ਕਰਕੇ ਗੁਣ ਕਿਵੇਂ ਗ੍ਰਹਿਣ ਕਰੀਏ...?"

ਵਿਸ਼ਾ ਸੁਣ ਕੇ ਨਾਨੀ ਜੀ ਥੋੜ੍ਹੀ ਦੇਰ ਲਈ ਗੰਭੀਰ ਹੋ ਗਏ ਤੇ ਫਿਰ ਬੋਲੇ, "ਇਸ ਸੰਬੰਧ ਵਿੱਚ ਮੈਂ ਤੁਹਾਨੂੰ 'ਦੋ ਕੀੜੀਆਂ' ਦੀ ਇੱਕ ਕਹਾਣੀ ਸੁਣਾਉਂਦੀ ਹਾਂ।"

"ਇੱਕ ਕੀੜੀ ਸੀ, ਮਿੱਠੋ-ਮਿੱਠੇ ਤੇ ਸੁਘੜ ਗੁਣਾਂ ਵਾਲ਼ੀ।ਉਹ ਮਿਸਰੀ ਦੇ ਪਹਾੜ ਉੱਤੇ ਰਹਿੰਦੀ ਸੀ।ਦੂਜੀ ਕੀੜੀ ਸੀ, ਸਲੂਣੋ; ਲੂਣ ਦੇ ਪਹਾੜ ਉੱਤੇ ਰਹਿੰਦੀ ਸੀ, ਉਹ। ਦੋਵੇਂ ਪਹਾੜ ਨਾਲ਼-ਨਾਲ਼ ਸਨ, ਨੇੜੇ-ਨੇੜੇ। ਇੱਕ ਦਿਨ ਦੋਵੇਂ ਕੀੜੀਆਂ ਆਪੋ-ਆਪਣੇ ਪਹਾੜ ਦੇ ਸਿਖਰ ਉੱਤੇ ਘੁੰਮ-ਫਿਰ ਰਹੀਆਂ ਸਨ।

"ਭੈਣ ਸਲੂਣੋ, ਕੀ ਹਾਲ ਐ, ਤੇਰਾ?" ਮਿੱਠੋ ਨੇ ਮਿੱਠੀ ਜ਼ੁਬਾਨ ਨਾਲ਼ ਪੁੱਛਿਆ।

"ਭੈਣ ਮਿੱਠੋ, ਹਾਲ ਕਾਹਦਾ? ਸਾਰਾ ਦਿਨ ਖਾਰਾ, ਸਲੂਣਾ...।"

"ਭੈਣ ਸਲੂਣੋ ! ਤੂੰ ਇਉਂ ਕਰ ਕੁਝ ਦਿਨ ਮੇਰੇ ਪਹਾੜ ਉੱਤੇ ਆ ਕੇ ਰਹਿ। ਮਿੱਠੀ-ਮਿੱਠੀ ਮਿਸਰੀ ਖਾ ਤੇ ਅਨੰਦ ਲੈ। ਜਿੰਨਾ ਚਿਰ ਤੇਰਾ ਜੀ ਕਰੇ ਰਹਿ, ਭਾਵੇਂ ਸਾਰੀ ਉਮਰ ਵੀ," ਇੱਕ ਦਿਨ ਮਿੱਠੋ ਨੇ ਕਿਹਾ।

"ਚੰਗਾ ਭੈਣੇ, ਆਵਾਂਗੀ ਕਿਸੇ ਦਿਨ, ਵਿਹਲ ਕੱਢ ਕੇ...," ਸਲੂਣੋ ਨੇ ਜਵਾਬ ਦਿੱਤਾ।

"ਫੇਰ ਗਈ ਸਲੂਣੋ, ਮਿਸਰੀ ਦੇ ਪਹਾੜ ਉੱਤੇ?" ਨਵੀਨ ਨੇ ਪੁੱਛਿਆ।

"ਲੂਣ ਛੱਡ ਕੇ ਮਿਸਰੀ ਮਿਲ਼ੇ ਖਾਣ ਨੂੰ ਹੋਰ ਕੀ ਚਾਹੀਦੈ, ਉਹ ਤਾਂ ਭੱਜੀ ਗਈ ਹੋਊ। ਜਿਵੇਂ ਆਪਾਂ ਚਾਕਲੇਟ ਦੇਖ ਕੇ ਭੱਜਦੇ ਆਂ, ਹਨਾਂ ਨਾਨੀ ਜੀ?" ਅਨੀਸ਼ਾ ਵੀ ਬੋਲ ਪਈ।

"ਧਿਆਨ ਨਾਲ਼ ਸੁਣੋ, ਬੇਟੇ ! ਇਸ ਦੀ ਰਮਜ਼ ਡੂੰਘੀ ਐ।ਆਮ ਬਾਤਾਂ ਵਰਗੀ ਨੀ ਹੈਗੀ।ਇਸ ਕਹਾਣੀ ਵਿੱਚ ਲੂਣ ਨੂੰ ਤੁਸੀਂ ਸਮਝ ਲਓ, ਜਿਵੇਂ ਔਗੁਣ ਹੋਣ ਤੇ ਮਿਸਰੀ ਨੂੰਸਮਝ ਲਓ ਗੁਣ; ਚੰਗੇ ਗੁਣ।ਠੀਕ ਐ ਨਾ?"

"ਹਾਂ, ਨਾਨੀ ਜੀ," ਨਵੀਨ ਤੇ ਅਨੀਸ਼ਾ ਇਕੱਠੇ ਬੋਲੇ।

"ਸਲਾਹਾਂ ਕਰਦਿਆਂ ਸਲੂਣੋ ਨੇ ਕਈ ਦਿਨ ਲੰਘਾ ਦਿੱਤੇ।ਜਿਵੇਂ ਮਾੜੀ ਆਦਤ ਛੱਡਣ ਦੀ ਲੋਕ ਆਲਸ ਕਰ ਛੱਡਦੇ ਨੇ, ਉਵੇਂ ਹੀ।ਇੱਕ ਦਿਨ ਉਸ ਨੇ ਸਲਾਹ ਬਣਾ ਹੀ ਲਈ ਮਿਸਰੀ ਦੇ ਪਹਾੜ ਉੱਤੇ ਜਾਣ ਦੀ ਪਰ ਨਾਲ਼ ਹੀ ਉਸ ਨੇ ਸੋਚਿਆ, " ਮਿੱਠੋ ਦੇ ਪਹਾੜ ਦਾ ਤੇ ਮੇਰੇ ਪਹਾੜ ਦਾ ਰੰਗ ਤਾਂ ਇੱਕੋ-ਜਿਹਾ ਹੀ ਲੱਗਦੈ।"

ਸੋਚ-ਸੋਚ ਕੇ ਉਹਨੇ ਲੂਣ ਦੀ ਇੱਕ ਵੱਡੀ ਡਲ਼ੀ ਆਪਣੇ ਮੂੰਹ ਵਿੱਚ ਰੱਖ ਲਈ ਤੇ ਮਨ ਹੀ ਮਨ ਕਿਹਾ," ਜੇ ਮਿੱਠੋ ਕੋਲ਼ ਕੁਝ ਨਾ ਹੋਇਆ, ਘੱਟੋ-ਘੱਟ ਮੇਰੇ ਕੋਲ਼ ਆਪਣਾ ਲੂਣ ਤਾਂ ਹੋਊ।"

ਚਲੋ ਜੀ, ਆਖ਼ਰ ਸਲੂਣੋ ਮਿੱਠੋ ਦੇ ਪਹਾੜ ਉੱਤੇ ਪਹੁੰਚ ਹੀ ਗਈ। ਮਿੱਠੋ ਉਸ ਨੂੰ ਸਾਰਾ ਪਹਾੜ ਘੁਮਾਉਂਦੀ ਫਿਰੀ। ਤਰ੍ਹਾਂ-ਤਰ੍ਹਾਂ ਦੀ ਮਿਸਰੀ ਦੇ ਡਲ਼ਿਆਂ ਕੋਲ਼ ਲਿਜਾ ਕੇ ਸਿਫ਼ਤਾਂ ਕਰਦੀ ਰਹੀ। ਸਾਰਾ ਪਹਾੜ ਘੁੰਮ-ਘੁਮਾ ਕੇ ਸਲੂਣੋ ਵਾਪਸ ਆ ਗਈ।

ਆਪਣੇ ਪਹਾੜ ਉੱਤੇ ਪਹੁੰਚ ਕੇ ਆਖਣ ਲੱਗੀ, "ਐਨਾ ਲੰਮਾ-ਚੌੜਾ ਪਹਾੜ ਘੁੰਮਦੀ ਫਿਰੀ, ਪਾਗਲਾਂ ਵਾਂਗੂੰ। ਮਿਸਰੀ ਕਿਹੜੀ ਮਿਲ਼ੀ, ਉੱਥੇ? ਸੁਆਹ?" ਸਲੂਣੋ ਅੱਕੀ ਪਈ ਸੀ।

"ਹਾਂ ਬੇਟੇ, ਨਵੀਨ ! ਦੱਸੋ ਸਲੂਣੋ ਨੂੰ ਮਿਸਰੀ ਦਾ ਸੁਆਦ ਕਿਉਂ ਨੀ ਆਇਆ?"

'ਕਿਉਂਕਿ ਸਲੂਣੋ ਨੇ ਆਪਣੇ ਮੂੰਹ ਵਿੱਚ ਲੂਣ ਦੀ ਵੱਡੀ ਡਲ਼ੀ ਰੱਖੀ ਹੋਈ ਸੀ...," ਨਵੀਨ ਬੋਲਿਆ।

"ਬਿਲਕੁਲ ਠੀਕ। ਸਾਰੇ ਰਾਹ ਉਹਦੇ ਮੂੰਹ ਵਿੱਚ ਉਹੀ ਲੂਣ ਦੀ ਡਲ਼ੀ ਖੁਰਦੀ ਰਹੀ। ਮਿਸਰੀ ਦਾ ਸੁਆਦ ਤਾਂ ਉਹ ਤਾਂ ਹੀ ਚੱਖ ਸਕਦੀ ਸੀ ਜੇ ਉਹ ਲੂਣ ਦੀ ਡਲ਼ੀ ਮੂੰਹ ਵਿੱਚੋਂ ਕੱਢਦੀ...ਆਹ ਜਿਵੇਂ ਅਨੀਸ਼ਾ ਪ੍ਰਯੋਗ ਕਰਦੀ ਸੀ। ਜੇ ਬੋਤਲ ਵਿੱਚੋਂ ਹਵਾ ਬਾਹਰ ਨਿਕਲੂਗੀ..ਤਾਂ ਹੀ ਪਾਣੀ ਅੰਦਰ ਭਰਿਆ ਜਾਊ..। ਜੇ ਔਗੁਣ ਦੂਰ ਹੋਣਗੇ ਤਾਂ ਹੀ ਉਹਨਾਂ ਦੀ ਥਾਂਵੇਂ ਗੁਣ ਗ੍ਰਹਿਣ ਕੀਤੇ ਜਾ ਸਕਣਗੇ, ਠੀਕ ਐ ਨਾ?" ਨਾਨੀ ਜੀ ਨੇ ਫੇਰ ਪੁੱਛਿਆ।

" ਬਿਲਕੁਲ ਠੀਕ ਪਰ ਨਾਨੀ ਜੀ, ਸਭ ਤੋਂ ਜ਼ਰੂਰੀ ਗੱਲ ਹੈ-ਵਿਸ਼ਵਾਸ, ਗੁਣਵਾਨ ਬੰਦੇ ਉੱਤੇ ਵਿਸ਼ਵਾਸ। ਜੇ ਸਲੂਣੋ ਕੀੜੀ ਮਿੱਠੋ 'ਤੇ ਵਿਸ਼ਵਾਸ ਕਰਦੀ ਤਾਂ ਲੂਣ ਦੀ ਡਲ਼ੀ ਮੂੰਹ ਵਿੱਚ ਲਿਜਾਂਦੀ ਹੀ ਕਿਉਂ? " ਨਵੀਨ ਨੇ ਹੋਰ ਨੁਕਤਾ ਸਪਸ਼ਟ ਕੀਤਾ।

" ਕਈ ਵਾਰ ਸਾਡੇ ਨਾਲ਼ ਵੀ ਇਉਂ ਹੀ ਹੁੰਦੈ।ਅਸੀਂ ਚੰਗੇ ਲੋਕਾਂ ਦੀ ਸੰਗਤ ਕਰਦੇ ਆਂ, ਚੰਗੇ ਗੁਣ ਗ੍ਰਹਿਣ ਕਰਨ ਲਈ ਪਰ ਵਿਸ਼ਵਾਸ ਦੀ ਘਾਟ ਕਰਕੇ ਸਾਡੇ ਆਪਣੇ ਹੀ ਔਗੁਣਾਂ ਦਾ ਲੂਣ ਸਾਡੀ ਜੀਭ 'ਤੇ ਖੁਰਦਾ ਰਹਿੰਦੈ ਤੇ ਅਸੀਂ ਚੰਗੇ ਗੁਣਾਂ ਦੀ ਮਿਠਾਸ ਤੋਂ ਵਾਂਝੇ ਰਹਿ ਜਾਂਦੇ ਆਂ," ਨਾਨੀ ਜੀ ਨੇ ਕਿਹਾ।

"ਸ਼ੁਕਰੀਆ, ਨਾਨੀ ਜੀ। ਹੁਣ ਮੈਂ ਇਸ ਨੂੰ ਲਿਖ ਲਵਾਂ ਫੇਰ ਸੁਣਾਵਾਂਗਾ, ਤੁਹਾਨੂੰ।" ਆਖ ਕੇ ਨਵੀਨ ਆਪਣੀ ਪੜ੍ਹਨ ਵਾਲ਼ੀ ਮੇਜ਼ ਉੱਤੇ ਜਾ ਬੈਠਿਆ।

ਨਾਨੀ ਜੀ ਰਸੋਈ ਵਿੱਚ ਜਾ ਕੇ ਚਾਹ ਬਣਾਉਣ ਲੱਗੇ ਕਿਉਂਕਿ ਨਵੀਨ ਹੋਰਾਂ ਦੇ ਮੰਮੀ-ਪਾਪਾ ਦਫ਼ਤਰ ਤੋਂ ਆਉਣ ਵਾਲ਼ੇ ਸਨ ਤੇ ਅਨੀਸ਼ਾ ਮੇਨ ਗੇਟ ਉੱਤੇ ਖੜ੍ਹ ਕੇ ਆਪਣੇ ਮੰਮੀ-ਪਾਪਾ ਦਾ ਇੰਤਜ਼ਾਰ ਕਰ ਰਹੀ ਸੀ।

**ਔਖੇ ਸ਼ਬਦਾਂ ਦੇ ਅਰਥ:**

| | |
|---|---|
| ਸੇਵਾ-ਮੁਕਤ - ਨੌਕਰੀਓਂ ਮੁਕਤ | ਵਾਂਝੇ - ਖ਼ਾਲੀ, ਸੱਖਣੇ |
| ਰਮਜ਼ - ਇਸ਼ਾਰਾ, ਸੈਨਤ, ਭੇਤ | ਗ੍ਰਹਿਣ ਕਰਨਾ-ਧਾਰਨ ਕਰਨਾ |

## ਪਾਠ-ਅਭਿਆਸ

**1. ਖ਼ਾਲੀ ਸਥਾਨ ਭਰੋ:-**

ੳ. ਨਵੀਨ ਦੇ ਨਾਨੀ ਜੀ------------ਅਧਿਆਪਕਾ ਹਨ।

ਅ. ਮਿੱਠੋ ਕੀੜੀ --------ਦੇ ਪਹਾੜ ਉੱਤੇ ਰਹਿੰਦੀ ਸੀ।

ੲ. ---------ਮਿਸ਼ਰੀ ਖਾ ਤੇ ਅਨੰਦ ਲੈ।

ਸ. ਸਲੂਣੋ ਕੀੜੀ ਨੇ ਵੱਡੀ ਸਾਰੀ -------ਆਪਣੇ ਮੂੰਹ ਵਿੱਚ ਰੱਖ ਲਈ।

ਹ. ਪਹਿਲਾਂ ਆਪਣੇ ਅੰਦਰੋਂ ---------ਨੂੰ ਕੱਢੋ।

**2. ਸੰਖੇਪ ਵਿੱਚ ਉੱਤਰ ਦਿਓ:-**

ੳ. ਨਵੀਨ ਨੇ 'ਸਵੇਰ ਦੀ ਸਭਾ' ਵਿੱਚ ਕਿਸ ਵਿਸ਼ੇ 'ਤੇ ਬੋਲਣਾ ਸੀ?

ਅ. ਨਵੀਨ ਦੀ ਵੱਡੀ ਭੈਣ ਦਾ ਨਾਂ ਦੱਸੋ ਅਤੇ ਇਹ ਵੀ ਦੱਸੋ ਕਿ ਉਹ ਕਿਹੜੀ ਸ਼੍ਰੇਣੀ ਵਿੱਚ ਪੜ੍ਹਦੀ ਸੀ?

ੲ. ਨਾਨੀ ਜੀ ਨੇ ਨਵੀਨ ਨੂੰ ਕਿਨ੍ਹਾਂ ਦੀ ਕਹਾਣੀ ਸੁਣਾਈ?

ਸ. ਮਿੱਠੋ ਦੁਆਰਾ ਹਾਲ ਪੁੱਛਣ 'ਤੇ ਸਲੂਣੀ ਕੀੜੀ ਨੇ ਕੀ ਉੱਤਰ ਦਿੱਤਾ?

ਹ. 'ਦੋ ਕੀੜੀਆਂ' ਪਾਠ ਤੋਂ ਤੁਹਾਨੂੰ ਕੀ ਸਿੱਖਿਆ ਮਿਲ਼ਦੀ ਹੈ?

3. **ਹੇਠ ਲਿਖੇ ਪੰਜਾਬੀ ਸ਼ਬਦਾਂ ਦੇ ਸਮਾਨਾਰਥੀ ਹਿੰਦੀ ਸ਼ਬਦ ਲਿਖੋ ਅਤੇ ਅੰਤਰ ਸਮਝੋ :-**

ਕੀੜੀਆਂ :

ਕਹਾਣੀ :

ਪਹਾੜ :

ਮਿਸਰੀ :

ਸੇਵਾ-ਮੁਕਤ :

ਲੂਣ :

ਪਾਠ-6

# ਕੌਮ ਦੀ ਸੇਵਾਦਾਰ




ਉਜਲੇ, ਚਿੱਟੇ ਬਸਤਰ ਪਾਈ,
ਪਰੀ ਜਿਵੇਂ ਕੋਈ ਅਰਸ਼ੋਂ ਆਈ।

ਹਰਦਮ ਤਾਜ਼ਾ , ਨਵੀਂ-ਨਕੋਰ,
ਤੁਰਤ-ਫੁਰਤ ਹੈ ਇਸ ਦੀ ਤੋਰ।

ਜਿਉਂ ਤਿਤਲੀ ਦੀ ਹੋਏ ਉਡਾਣ,
ਵੰਡਦੀ ਫਿਰਦੀ ਤਿਉਂ ਮੁਸਕਾਣ।

ਵਾਰਡ ਅੰਦਰ ਜਿਉਂ ਹੀ ਆਈ,
ਆਉਂਦੇ ਸਾਰ ਹੀ ਰੌਣਕ ਲਾਈ।

ਰੋਗੀਆਂ ਤਾਈਂ ਮਿਲ਼ ਗਈ ਢਾਰਸ,
ਜਿਉਂ ਆਇਆ ਕੋਈ ਵਾਲੀ-ਵਾਰਸ

ਕਿਸੇ ਨੂੰ ਥਰਮਾਮੀਟਰ ਲਾਉਂਦੀ,
ਨਬਜ਼ ਪਕੜ ਕੇ ਪੁੱਛ ਪੁਛਾਉਂਦੀ।

ਕਿਸੇ ਨੂੰ ਹੱਸ ਕੇ ਟੀਕਾ ਲਾਵੇ,
ਦਵਾ ਕਿਸੇ ਨੂੰ ਆਣ ਪਿਆਵੇ।

ਪੁੱਛਦੀ ਸਭ ਨੂੰ ਪ੍ਰੇਮ ਦੇ ਨਾਲ਼,
"ਦੱਸੋ ਜੀ, ਹੁਣ ਕੀ ਹੈ, ਹਾਲ?"

ਇਹਦੀ ਤੱਕ ਮਿੱਠੀ ਮੁਸਕਾਣ,
ਦੁੱਖ ਸਾਰਾ ਰੋਗੀ ਭੁੱਲ ਜਾਣ।

ਬੋਲੇ ਜਦ ਇਹ ਨਾਲ਼ ਪਿਆਰ,
ਖਿੜਦਾ ਰੋਗੀ ਦਾ ਸੰਸਾਰ।

ਮਾਂ ਦੇ ਵਾਂਗਰ ਰੱਖਦੀ ਧਿਆਨ,
ਆਪਣਾ ਸੁੱਖ ਕਰਦੀ ਕੁਰਬਾਨ।

ਹੁਣ ਤੁਸਾਂ ਹੈ ਲਈ ਪਛਾਣ,
ਕੌਣ ਮਰੀਜ਼ਾਂ ਦੀ ਜਿੰਦ-ਜਾਨ?

ਇਹ ਹੈ ਕੌਮ ਦੀ ਸੇਵਾਦਾਰ,
ਰੋਗੀ ਜਿਸ ਨੂੰ ਕਰਦੇ ਪਿਆਰ।

'ਸੀਤਲ' ਭਰ ਕੇ ਦਿਲ ਵਿੱਚ ਤਰਸ,
ਰੱਬ ਨੇ ਭੇਜੀ ਜੱਗ 'ਤੇ 'ਨਰਸ'

**ਔਖੇ ਸ਼ਬਦਾਂ ਦੇ ਅਰਥ :**

| | | |
|---|---|---|
| ਬਸਤਰ | - | ਕੱਪੜੇ, ਪੁਸ਼ਾਕ |
| ਵਾਲੀ-ਵਾਰਸ | - | ਮਾਲਕ, ਰਾਖਾ |
| ਸੇਵਾਦਾਰ | - | ਸੇਵਾ ਕਰਨ ਵਾਲ਼ੀ |
| ਢਾਰਸ | - | ਹੌਂਸਲਾ, ਤਸੱਲੀ, ਦਿਲਾਸਾ |
| ਕੁਰਬਾਨ | - | ਵਾਰੀ ਜਾਣਾ, ਸਦਕੇ ਜਾਣਾ, ਕਿਸੇ ਦੀ ਖ਼ਾਤਰ ਆਪ ਨੁਕਸਾਨ ਉਠਾਉਣਾ |
| ਤਰਸ | - | ਦਇਆ, ਰਹਿਮ |

## ਪਾਠ-ਅਭਿਆਸ

1. **ਦੱਸੋ:**

(ੳ) ਵਾਰਡ ਵਿੱਚ ਨਰਸ ਦੇ ਆਉਣ ਨਾਲ਼ ਰੋਗੀ ਨੂੰ ਕੀ ਮਹਿਸੂਸ ਹੁੰਦਾ ਹੈ?

(ਅ) ਵਾਰਡ ਵਿੱਚ ਨਰਸ ਕੀ ਕੁਝ ਕਰਦੀ ਹੈ?

2. **ਖ਼ਾਲੀ ਥਾਂਵਾਂ ਭਰੋ :**

(ੳ) ਜਿਉਂ ਤਿਤਲੀ ਦੀ ਹੋਏ__________ਵੰਡਦੀ ਫਿਰਦੀ ਤਿਉਂ__________।

(ਅ) ਰੋਗੀਆਂ ਤਾਈਂ ਮਿਲ਼ ਗਈ__________ਜਿਉਂ ਆਇਆ ਕੋਈ__________।

(ੲ) ਮਾਂ ਦੇ ਵਾਂਗਰ ਰੱਖਦੀ __________ਆਪਣਾ ਸੁੱਖ ਕਰਦੀ__________।

(ਸ) ਇਹ ਹੈ ਕੌਮ ਦੀ __________ਜਿਸ ਨੂੰ ਕਰਦੇ ਪਿਆਰ।

3. **ਸੰਖੇਪ ਵਿੱਚ ਉੱਤਰ ਦਿਓ:-**

ੳ. ਇਸ ਕਵਿਤਾ ਵਿੱਚ ਕੌਮ ਦੀ ਸੇਵਾਦਾਰ ਕਿਸ ਨੂੰ ਕਿਹਾ ਗਿਆ ਹੈ?

ਅ. ਨਰਸ ਵੇਖ ਕੇ ਕਿਸ ਨੂੰ ਸਾਰਾ ਦੁੱਖ ਭੁੱਲ ਜਾਂਦਾ ਹੈ?

ੲ. ਨਰਸ ਮਰੀਜ਼ਾਂ ਦਾ ਧਿਆਨ ਕਿਸ ਵਾਂਗਰ ਰੱਖਦੀ ਹੈ?

4. **ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:**

ਮਰੀਜ਼, ਥਰਮਾਮੀਟਰ, ਨਵੀਂ-ਨਕੋਰ, ਸੇਵਾਦਾਰ, ਤਰਸ।

5. **ਹੇਠਾਂ ਗੁਰਮੁਖੀ ਅਤੇ ਦੇਵਨਾਗਰੀ ਵਿੱਚ ਸ਼ਬਦ ਦਿੱਤੇ ਗਏ ਹਨ। ਇਹਨਾਂ ਸ਼ਬਦ-ਜੋੜਾਂ ਦੇ ਅੰਤਰ ਨੂੰ ਸਮਝੋ ਅਤੇ ਗੁਰਮੁਖੀ ਵਿੱਚ ਦਿੱਤੇ ਸ਼ਬਦਾਂ ਨੂੰ ਲਿਖਣ ਦਾ ਅਭਿਆਸ ਕਰੋ:-**

| | | |
|---|---|---|
| ਧਿਆਨ | - | ध्यान |
| ਪਛਾਣ | - | पहचान |
| ਬਸਤਰ | - | वस्त्र |
| ਕੀ | - | क्या |
| ਪਿਆਰ | - | प्यार |
| ਵੰਡਦੀ | - | बांटती |
| ਪੁੱਛਦੀ | - | पूछती |
| ਹੱਸ ਕੇ | - | हंसकर |

6. **ਹੇਠਾਂ ਇੱਕ ਹੀ ਅਰਥ ਲਈ ਪੰਜਾਬੀ ਅਤੇ ਹਿੰਦੀ ਵਿੱਚ ਭਿੰਨ-ਭਿੰਨ ਸ਼ਬਦ ਹਨ। ਇਹਨਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਪੰਜਾਬੀ ਦੇ ਸ਼ਬਦਾਂ ਨੂੰ ਲਿਖਣ ਦਾ ਅਭਿਆਸ ਕਰੋ-**

| | | |
|---|---|---|
| ਅਰਸ਼ | - | आकाश |
| ਤੋਰ | - | चाल |
| ਢਾਰਸ | - | दिलासा |
| ਦੱਸੋ | - | बताओ |

| | | |
|---|---|---|
| ਹੁਣ | – | अब |
| ਤੱਕ ਕੇ | – | देखकर |
| ਨਾਲ਼ | – | साथ, सहित |

ਅਧਿਆਪਕ, ਵਿਦਿਆਰਥੀਆਂ ਨੂੰ ਨਰਸ ਦੇ ਸੇਵਾ-ਭਾਵਨਾ ਨਾਲ਼ ਭਰਪੂਰ ਕਿੱਤੇ ਦੇ ਮਹੱਤਵ ਬਾਰੇ ਦੱਸੋ। ਜੇ ਸੰਭਵ ਹੋ ਸਕੇ ਤਾਂ ਕਿਸੇ ਨੇੜੇ ਦੇ ਹਸਪਤਾਲ ਵਿੱਚ ਲਿਜਾ ਕੇ ਉਹਨਾਂ ਨੂੰ 'ਨਰਸ' ਦੇ ਰੂ-ਬਰੂ ਕਰੇ।

ਪਾਠ-7

# ਵਿੱਦਿਆ ਦਾ ਫਲ਼

"ਪਾਪਾ, ਤੁਸੀਂ ਹਰ ਰੋਜ਼ ਸਾਨੂੰ ਸੁਣਾਉਣ ਲੱਗੇ ਕਹਿੰਦੇ ਹੋ ਕਿ ਵਿੱਦਿਆ ਦਾ ਫਲ਼ ਮਿੱਠਾ ਅਤੇ ਜੜ੍ਹਾਂ ਕੌੜੀਆਂ ਹੁੰਦੀਆਂ ਹਨ। ਇਸ ਦਾ ਕੀ ਮਤਲਬ ਹੈ? ਅੱਜ ਮੈਨੂੰ ਸਮਝਾਓ।" ਛੁੱਟੀ ਵਾਲ਼ੇ ਦਿਨ ਸਤਨਾਮ ਨੇ ਆਪਣੇ ਪਾਪਾ ਦੇ ਨੇੜੇ ਬੈਠਦਿਆਂ ਕਿਹਾ।

"ਹਾਂ.........ਹਾਂ............ਆ..................ਜਾ ਕਾਕਾ, ਮੈਂ ਵੀ ਇਹੋ ਚਾਹੁੰਦਾ ਸਾਂ ਕਿ ਤੂੰ ਇਸ ਬਾਰੇ ਪੁੱਛੇਂ," ਸਤਨਾਮ ਦੇ ਪਾਪਾ ਨੇ ਸਤਨਾਮ ਦੀ ਕੁਰਸੀ ਨੇੜੇ ਕਰਦਿਆਂ ਕਿਹਾ।

"ਲੈ ਫੇਰ, ਸੁਣ!" ਸਤਨਾਮ ਦੇ ਪਾਪਾ ਨੇ ਗੱਲ ਨੂੰ ਅੱਗੇ ਤੋਰਦਿਆਂ ਕਿਹਾ।

"ਵਿੱਦਿਆ ਵੀ ਇੱਕ ਰੁੱਖ ਦੀ ਨਿਆਈਂ ਹੈ। ਜਿਸ ਤਰ੍ਹਾਂ ਅਸੀਂ ਇੱਕ ਬੂਟਾ ਲਾਉਂਦੇ ਹਾਂ। ਖਾਦ, ਪਾਣੀ, ਪੂਰੀ ਲਗਨ ਅਤੇ ਮਿਹਨਤ ਨਾਲ਼ ਉਸ ਨੂੰ ਸਿੰਜਦੇ ਹਾਂ ਤਾਂ ਕਿਤੇ ਉਹ ਸਾਨੂੰ ਮਿੱਠੇ ਫਲ਼ ਅਤੇ ਛਾਂ ਦਿੰਦਾ ਹੈ।"




"ਜਿਵੇਂ ਆਪਣਾ ਅਮਰੂਦ?" ਸਤਨਾਮ ਨੇ ਟੋਕਦਿਆਂ ਕਿਹਾ।

"ਹਾਂ....ਹਾਂ.....ਠੀਕ ਸਮਝਿਆ ਤੂੰ," ਸਤਨਾਮ ਦੇ ਪਾਪਾ ਬੋਲੇ।

"ਇਸੇ ਤਰ੍ਹਾਂ ਇਹ ਵਿੱਦਿਆ ਇੱਕ ਅਜਿਹਾ ਬੂਟਾ ਹੈ ਜਿਸ ਨੂੰ ਮਿਹਨਤ, ਲਗਨ ਅਤੇ ਦ੍ਰਿੜ੍ਹ ਇਰਾਦੇ ਨਾਲ਼ ਜਿਹੜਾ ਵੀ ਮਨੁੱਖ ਸਿੰਜਦਾ ਹੈ ਤਾਂ ਇਸ ਬੂਟੇ ਨੂੰ ਉਸ ਦੀ ਮਿਹਨਤ ਦੇ ਅਨੁਸਾਰ ਫਲ਼ ਲੱਗਦੇ ਹਨ।"

"ਪਾਪਾ, ਮੈਨੂੰ ਤੁਹਾਡੀ ਗੱਲ ਚੰਗੀ ਤਰ੍ਹਾਂ ਸਮਝ ਨਹੀਂ ਆਈ," ਸਤਨਾਮ ਨੇ ਹੈਰਾਨ ਹੁੰਦਿਆਂ ਕਿਹਾ।

"ਪੁੱਤਰਾ ! ਤੂੰ ਉਸ ਦਿਨ ਪੁੱਛ ਰਿਹਾ ਸੀ ਨਾ, ਕਿ ਸ਼ੈਂਟੀ ਦੇ ਪਾਪਾ ਕੋਲ਼ ਸਾਡੇ ਵਾਂਗ ਵਧੀਆ ਘਰ ਅਤੇ ਕਾਰ ਕਿਉਂ ਨਹੀਂ ਹੈ?"

"ਹਾਂ ਪਾਪਾ," ਸਤਨਾਮ ਬੋਲਿਆ।

"ਆ ਜਾ, ਤੈਨੂੰ ਇਸ ਬਾਰੇ ਸਮਝਾਉਂਦਾ ਹਾਂ। ਸ਼ਾਇਦ ਫੇਰ ਮੇਰੀ ਇਹ ਗੱਲ ਤੇਰੇ ਪੱਲੇ ਪੈ ਜਾਵੇ," ਸਤਨਾਮ ਦੇ ਪਾਪਾ ਨੇ ਉਸ ਦਾ ਧਿਆਨ ਆਪਣੇ ਵੱਲ ਖਿੱਚਦਿਆਂ ਕਿਹਾ।

"ਸਤਨਾਮ ਦੇ ਪਾਪਾ ਅਤੇ ਸ਼ੈਂਟੀ ਦੇ ਡੈਡੀ ਚਚੇਰੇ ਭਰਾ ਹਨ। ਦੋਵੇਂ ਇੱਕੋ ਸਕੂਲ ਵਿੱਚ ਇੱਕੋ ਹੀ ਜਮਾਤ ਵਿੱਚ ਪੜ੍ਹਦੇ ਸਨ। ਸ਼ੈਂਟੀ ਦੇ ਪਾਪਾ ਨੂੰ ਘਰੋਂ ਜੇਬ-ਖ਼ਰਚੀ ਖੁੱਲ੍ਹੀ ਮਿਲ਼ਦੀ ਸੀ ਜਿਸ ਕਾਰਨ ਉਸ ਦਾ ਧਿਆਨ ਹਮੇਸ਼ਾਂ ਖਾਣ-ਪੀਣ ਅਤੇ ਹੋਰ ਵਸਤਾਂ ਖ਼ਰੀਦਣ ਵਿੱਚ ਲੱਗਾ ਰਹਿੰਦਾ ਸੀ। ਇਸੇ ਕਾਰਨ ਉਹ ਸਕੂਲੋਂ ਵੀ ਗ਼ੈਰਹਾਜ਼ਰ ਰਹਿੰਦਾ ਅਤੇ ਪੜ੍ਹਾਈ ਵੱਲ ਵੀ ਘੱਟ ਧਿਆਨ ਦਿੰਦਾ ਸੀ।

ਦੂਜੇ ਪਾਸੇ ਸਤਨਾਮ ਦੇ ਪਾਪਾ ਕੋਲ਼ ਜੇਬ-ਖ਼ਰਚੀ ਵੀ ਪੂਰੀ-ਪੂਰੀ ਹੁੰਦੀ ਸੀ ਅਤੇ ਉਹ ਪੜ੍ਹਾਈ ਵੀ ਪੂਰੇ ਧਿਆਨ ਨਾਲ਼ ਕਰਦਾ ਸੀ। ਸਕੂਲੋਂ ਵੀ ਕਦੇ ਗ਼ੈਰਹਾਜ਼ਰ ਨਹੀਂ ਸੀ ਹੋਇਆ। ਜਮਾਤ ਵਿੱਚ ਵੀ ਹਮੇਸ਼ਾਂ ਪਹਿਲੇ ਦਰਜੇ 'ਤੇ ਰਹਿੰਦਾ ਸੀ ਜਦਕਿ ਸ਼ੈਂਟੀ ਦਾ ਪਾਪਾ ਇੱਕੋ ਕਲਾਸ ਵਿੱਚੋਂ ਕਈ ਵਾਰ ਦੋ-ਦੋ ਵਾਰ ਫ਼ੇਲ੍ਹ ਹੋ ਜਾਂਦਾ। ਇਸ ਤਰ੍ਹਾਂ ਸ਼ੈਂਟੀ ਦੇ ਪਾਪਾ ਨੂੰ ਸਕੂਲੋਂ ਹਟਾ ਲਿਆ ਗਿਆ ਪਰੰਤੂਸਤਨਾਮ ਦਾ ਪਾਪਾ ਆਪਣੀ ਮਿਹਨਤ ਅਤੇ ਲਗਨ ਨਾਲ਼ ਲਗਾਤਾਰ ਵਿੱਦਿਆ-ਰੂਪੀ ਬੂਟੇ ਨੂੰ ਸਿੰਜਦਾ ਰਿਹਾ। ਪੜ੍ਹ -ਲਿਖ ਕੇ ਉਹ ਇੱਕ ਦਿਨ ਚੰਗਾ ਅਫ਼ਸਰ ਲੱਗ ਗਿਆ। ਇਹੋ ਕਾਰਨ ਹੈ ਕਿ ਉਸ ਦੇ ਕੋਲ਼ ਅੱਜ ਲੋੜ ਦੀ ਹਰ ਵਸਤੂਮੌਜੂਦ ਹੈ।

ਸਤਨਾਮ ਦੇ ਪਾਪਾ ਵੱਲੋਂ ਕਹੀਆਂ ਗੱਲਾਂ ਹੁਣ ਕੁਝ-ਕੁਝ ਉਸ ਦੀ ਸਮਝ ਵਿੱਚ ਆ ਰਹੀਆਂ ਸਨ। "ਪੁੱਤਰ, ਇਹ ਜੋ ਸੁੱਖ-ਅਰਾਮ ਅੱਜ ਆਪਣੇ ਕੋਲ਼ ਨੇ, ਇਹ ਸਭ ਵਿੱਦਿਆ ਦੇ ਫਲ਼ ਕਾਰਨ ਹੀ ਹੈ। ਜੇਕਰ ਮੈਂ ਆਪਣੇ ਵਿੱਦਿਆ ਦੇ ਬੂਟੇ ਨੂੰ ਠੀਕ ਤਰ੍ਹਾਂ ਨਾਲ਼ ਨਾ ਸਿੰਜਿਆ ਹੁੰਦਾ ਤਾਂ ਆਪਣੀ ਹਾਲਤ ਅੱਜ ਵੀ ਸ਼ੈਂਟੀ ਦੇ ਪਾਪਾ ਵਾਲ਼ੀ ਹੋਣੀ ਸੀ।" ਸਤਨਾਮ ਦੇ ਪਾਪਾ ਨੇ ਸਤਨਾਮ ਵੱਲ ਵੇਖਦਿਆਂ ਕਿਹਾ।

"ਬੱਸ ਕਰੋ, ਪਾਪਾ ! ਹੁਣ ਮੈਂ ਸਮਝ ਗਿਆ ਹਾਂ ਕਿ ਤੁਸੀਂ ਕੀ ਕਹਿਣਾ ਚਾਹੁੰਦੇ ਹੋ।" ਸਤਨਾਮ ਨੇ ਆਪਣਾ ਸਕੂਲ-ਬੈਗ ਖੋਲ੍ਹਦਿਆਂ ਕਿਹਾ।

"ਬੇਟਾ ! ਇਸੇ ਲਈ ਹੀ ਮੈਂ ਕਹਿੰਦਾ ਹਾਂ ਕਿ ਵਿੱਦਿਆ ਦਾ ਫਲ਼ ਮਿੱਠਾ ਅਤੇ ਜੜ੍ਹਾਂ ਕੌੜੀਆਂ ਹੁੰਦੀਆਂ ਹਨ। ਜੜ੍ਹਾਂ ਹੀ ਲਾਉਣੀਆਂ ਔਖੀਆਂ ਹੁੰਦੀਆਂ ਨੇ। ਇਹ ਜੜ੍ਹਾਂ ਲਾਉਣ ਲਈ ਲਗਨ ਅਤੇ ਮਿਹਨਤ ਦੀ ਲੋੜ ਪੈਂਦੀ ਹੈ। ਸੋ ਅਜੇ ਸਮਾਂ ਤੁਹਾਡੇ ਹੱਥ ਵਿੱਚ ਹੈ। ਜੇਕਰ ਵਿੱਦਿਆ-ਰੂਪੀ ਬੂਟੇ ਦਾ ਮਿੱਠਾ ਫਲ਼ ਖਾਣਾ ਚਾਹੁੰਦੇ ਹੋ ਤਾਂ ਇਸ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰੋ," ਸਤਨਾਮ ਦੇ ਪਾਪਾ ਨੇ ਗੱਲ ਖ਼ਤਮ ਕਰਦਿਆਂ ਕਿਹਾ।

"ਠੀਕ ਹੈ, ਪਾਪਾ ! ਅੱਜ ਤੋਂ ਹੀ ਮੈਂ ਤੁਹਾਡੇ ਨਾਲ਼ ਵਾਇਦਾ ਕਰਦਾ ਹਾਂ ਕਿ ਸਵੇਰੇ ਜਲਦੀ ਉੱਠਾਂਗਾ, ਟੈਲੀਵੀਜ਼ਨ ਵੀ ਘੱਟ ਦੇਖਾਂਗਾ। ਪੜ੍ਹਾਈ ਵੱਲ ਵਧੇਰੇ ਧਿਆਨ ਦੇਵਾਂਗਾ। ਅੱਜ ਤੋਂ ਹੀ ਮੈਂ ਆਪਣੇ ਵਿੱਦਿਆ-ਰੂਪੀ ਬੂਟੇ ਨੂੰ ਪੂਰੀ ਲਗਨ ਅਤੇ ਮਿਹਨਤ ਨਾਲ਼ ਸਿੰਜਾਂਗਾ ਕਿਉਂਕਿ ਮੈਂ ਤਾਂ ਇਸ ਬੂਟੇ ਕੋਲ਼ੋਂ ਤੁਹਾਡੇ ਨਾਲ਼ੋਂ ਵੀ ਵੱਡਾ ਫਲ਼ ਲੈਣਾ ਹੈ," ਸਤਨਾਮ ਨੇ ਮੁਸਕਰਾਉਂਦੇ ਹੋਏ ਕਿਹਾ।

"ਸ਼ਾਬਾਸ਼ ! ਪੁੱਤਰਾ! ਮੈਨੂੰ ਤੇਰੇ ਕੋਲ਼ੋਂ ਇਹੋ ਉਮੀਦ ਹੈ। ਸਤਨਾਮ ਦਾ ਪਾਪਾ ਖ਼ੁਸ਼ ਸੀ ਕਿ ਸਤਨਾਮ ਨੂੰ 'ਵਿੱਦਿਆ ਦਾ ਫਲ਼ ਮਿੱਠਾ ਤੇ ਜੜ੍ਹਾਂ ਕੌੜੀਆਂ' ਦੇ ਅਰਥ ਸਮਝ ਆ ਗਏ ਸਨ।

ਫਿਰ ਸਤਨਾਮ ਹਰ ਜਮਾਤ ਵਿੱਚ ਫ਼ਸਟ ਆਉਣ ਲੱਗਿਆ।

**ਔਖੇ ਸ਼ਬਦਾਂ ਦੇ ਅਰਥ :**

| | | |
|---|---|---|
| ਨਿਆਈਂ | – | ਵਾਂਗ, ਸਮਾਨ, ਤਰ੍ਹਾਂ |
| ਲਗਨ | – | ਸ਼ੌਂਕ, ਰੁਚੀ, ਲਿਵ |
| ਪੱਲੇ ਪੈਣਾ | – | ਸਮਝ ਲੱਗਣਾ |
| ਮਜ਼ਬੂਤ | – | ਪੱਕੀਆਂ, ਤਾਕਤਵਰ, ਤਕੜੀਆਂ |
| ਵਾਇਦਾ | – | ਇਕਰਾਰ |

## ਪਾਠ-ਅਭਿਆਸ

**1. ਖ਼ਾਲੀ ਸਥਾਨ ਭਰੋ:-**

ੳ. ਸਤਨਾਮ ਦੇ ਪਾਪਾ ਅਤੇ ਸ਼ੈਂਟੀ ਦੇ ਡੈਡੀ............ਹਨ।

ਅ. ਵਿੱਦਿਆ ਦਾ ਫਲ਼.............ਅਤੇ ਜੜ੍ਹਾਂ................ਹੁੰਦੀਆਂ ਹਨ।

ੲ. ਅੱਜ ਤੋਂ ਹੀ ਮੈਂ ਤੁਹਾਡੇ ਨਾਲ਼............ਕਰਦਾ ਹਾਂ।

ਸ. ਫਿਰ ਸਤਨਾਮ ਹਰ ਜਮਾਤ ਵਿੱਚ................ਆਉਣ ਲੱਗਿਆ।

**2. ਇੱਕ-ਦੋ ਸ਼ਬਦਾਂ ਵਿੱਚ ਉੱਤਰ ਦਿਓ:-**

ੳ. ਵਿੱਦਿਆ ਦਾ ਫਲ਼ ਤੇ ਜੜ੍ਹਾਂ ਕਿਹੋ-ਜਿਹੀਆਂ ਹੁੰਦੀਆਂ ਹਨ।

ਅ. ਇੱਕ ਦਿਨ ਸਤਨਾਮ ਨੇ ਪਾਪਾ ਨੂੰ ਕੀ ਪੁੱਛਿਆ?

ੲ. ਸਤਨਾਮ ਨੂੰ ਪਾਪਾ ਦੀ ਕਹੀ ਕਿਹੜੀ ਗੱਲ ਸਮਝ ਆ ਗਈ ਸੀ?

ਸ. ਵਿੱਦਿਆ-ਰੂਪੀ ਬੂਟੇ ਦੇ ਫਲ਼ ਖਾਣ ਲਈ ਕੀ ਕਰਨਾ ਚਾਹੀਦਾ ਹੈ?

ਹ. ਸਤਨਾਮ ਨੇ ਪਾਪਾ ਨਾਲ਼ ਕੀ ਵਾਇਦਾ ਕੀਤਾ?

**3. ਵਾਕਾਂ ਵਿੱਚ ਵਰਤੋ:-**

ਖਾਦ, ਜੇਬ-ਖ਼ਰਚੀ, ਲਗਨ, ਮਿਹਨਤ, ਵਾਇਦਾ, ਦ੍ਰਿੜ੍ਹ ਇਰਾਦਾ

**4. ਹੇਠ ਲਿਖੇ ਸ਼ਬਦਾਂ ਨੂੰ ਪੜ੍ਹੋ ਤੇ ਸ਼ਬਦ-ਜੋੜਾਂ ਦੇ ਅੰਤਰ ਨੂੰ ਸਮਝੋ:**

ਗੁਰਮੁਖੀ ਵਿੱਚ ਲਿਖੇ ਸ਼ਬਦਾਂ ਨੂੰ ਹਿੰਦੀ ਵਿੱਚ ਲਿਖਣ ਦਾ ਅਭਿਆਸ ਕਰੋ:-

| | | |
|---|---|---|
| ਮਿੱਠਾ | : | मीठा |
| ਪਾਣੀ | : | पानी |
| ਘਰ | : | घर |

| | | |
|---|---|---|
| ਸੁੱਖ | : | सुख |
| ਦਿਨ | : | दिन |
| ਜਲਦੀ | : | शीघ्र |
| ਫਲ਼ | : | फल |
| ਖ਼ੁਸ਼ | : | प्रसन्न |

ਵਿੱਦਿਆ ਦਾ ਫਲ਼ ਮਿੱਠਾ ਤੇ ਜੜ੍ਹਾਂ ਕੌੜੀਆਂ ਹੁੰਦੀਆਂ ਹਨ-ਮਾਟੋ ਲਿਖ ਕੇ ਆਪਣੀ ਸ਼੍ਰੇਣੀ ਵਿੱਚ ਲਾਓ।

ਪਾਠ-8

# ਹਿੰਮਤ ਅਤੇ ਸਿਆਣਪ




ਇੱਕ ਵਾਰੀ ਇੱਕ ਕਾਂ ਨੂੰ, ਬੱਚਿਓ! ਤੇਹ ਨੇ ਬਹੁਤ ਸਤਾਇਆ।
ਪਾਣੀ ਲੱਭਣ ਖ਼ਾਤਰ ਉਸ ਨੇ, ਟਿੱਲ ਸੀ ਪੂਰਾ ਲਾਇਆ।

ਥੱਕਿਆ, ਅੰਤ ਅਰਾਮ ਕਰਨ ਲਈ; ਇੱਕ ਰੁੱਖ 'ਤੇ ਜਾ ਬੈਠਾ,
ਨਜ਼ਰ ਜਦੋਂ ਉਸ ਹੇਠਾਂ ਮਾਰੀ, ਘੜਾ ਪਿਆ ਇੱਕ ਡਿੱਠਾ।

ਬੇਸਬਰੀ ਨਾਲ ਘੜੇ 'ਤੇ ਬਹਿ ਕੇ, ਝਾਕਿਆ ਹੇਠਾਂ ਤਾਣੀ,
ਪਾਣੀ ਥੋੜ੍ਹਾ ਦੇਖ ਕੇ ਜਾਪਿਆ, "ਇਸ ਤੱਕ ਚੁੰਝ ਨਹੀਂ ਜਾਣੀ।"

ਕਾਂ ਸੀ, ਬੱਚਿਓ! ਬੜਾ ਸਿਆਣਾ, ਸੋਚਿਆ; "ਜੁਗਤ ਲੜਾਈਏ,
ਕਰ ਕੇ ਢੰਗ ਕੋਈ ਇਹ ਪਾਣੀ, ਉੱਪਰ ਤੱਕ ਲਿਆਈਏ।"

ਸੋਚ ਕੇ ਨਜ਼ਰ ਦੁੜਾਈ ਉਸ, ਕੁਝ ਕੰਕਰ ਨਜ਼ਰੀਂ ਆਏ,

ਬੜੀ ਰੀਝ ਨਾਲ਼ ਇੱਕ-ਇੱਕ ਕਰਕੇ, ਚੁੱਕ ਉਸ ਘੜੇ 'ਚ ਪਾਏ।

ਕੁਝ ਚਿਰ ਪਿੱਛੋਂ ਘੜੇ ਦਾ ਪਾਣੀ, ਉੱਪਰ ਤੱਕ ਆ ਚੜ੍ਹਿਆ,
ਕਾਂ ਨੇ ਰੱਜ ਕੇ ਪਾਣੀ ਪੀਤਾ, ਰਸਤਾ ਆਪਣਾ ਫੜਿਆ।

ਬੱਚਿਓ! ਇਸ ਤੋਂ ਮਿਲ਼ਦੀ ਸਿੱਖਿਆ, ਢੇਰੀ ਕਦੇ ਨਾ ਢਾਹੀਏ,
ਹਿੰਮਤ ਅਤੇ ਸਿਆਣਪ ਦੇ ਨਾਲ਼, ਮੰਜ਼ਲ ਆਪਣੀ ਪਾਈਏ।

**ਔਖੇ ਸ਼ਬਦਾਂ ਦੇ ਅਰਥ :-**

| | | |
|---|---|---|
| ਤੇਹ | - | ਪਿਆਸ |
| ਟਿੱਲ ਲਾਉਣਾ | - | ਪੂਰਾ ਜ਼ੋਰ ਲਾਉਣਾ |
| ਤਾਣੀ | - | ਤਾਈਂ, ਤੀਕ |
| ਰੀਝ | - | ਇੱਛਾ, ਖ਼ਾਹਸ਼, ਸੱਧਰ |
| ਢੇਰੀ ਢਾਹੁਣੀ | - | ਹਿੰਮਤ ਹਾਰਨੀ, ਹੌਸਲਾ ਛੱਡ ਦੇਣਾ |
| ਮੰਜ਼ਲ | - | ਨਿਸ਼ਾਨਾ, ਮੰਤਵ |
| ਸਤਾਇਆ | - | ਤੰਗ ਕੀਤਾ, ਦੁਖੀ ਕੀਤਾ |
| ਡਿੱਠਾ | - | ਦੇਖਿਆ, ਤੱਕਿਆ |
| ਜੁਗਤ | - | ਢੰਗ, ਤਰਕੀਬ |
| ਢੇਰੀ ਢਾਹੁਣੀ | - | ਹਿੰਮਤ ਹਾਰਨੀ, ਹੌਸਲਾ ਛੱਡ ਦੇਣਾ |

## ਪਾਠ-ਅਭਿਆਸ

1. **ਖ਼ਾਲੀ ਸਥਾਨ ਭਰੋ :-**

ੳ. ਨਜ਼ਰ ਜਦੋਂ ਉਸ ਹੇਠਾਂ ਮਾਰੀ,.................ਪਿਆ ਇੱਕ ਡਿੱਠਾ।

ਅ. ਕਾਂ ਸੀ, ਬੱਚਿਓ! ਬੜਾ ਸਿਆਣਾ, ਸੋਚਿਆ...........ਲੜਾਈਏ।

ੲ. ਕਾਂ ਨੇ ਰੱਜ ਕੇ..........ਪੀਤਾ।

ਸ. ਹਿੰਮਤ ਅਤੇ...........ਦੇ ਨਾਲ਼, ਮੰਜ਼ਲ ਆਪਣੀ ਪਾਈਏ।

2. **ਸੰਖੇਪ ਵਿੱਚ ਉੱਤਰ ਦਿਓ:-**

ੳ. ਕਾਂ ਨੂੰ ਕਿਸ ਨੇ ਸਤਾਇਆ ਸੀ?

ਅ. ਥੱਕ ਕੇ ਕਾਂ ਕਿੱਥੇ ਜਾ ਕੇ ਬੈਠਿਆ?

ੲ. ਘੜੇ ਦਾ ਪਾਣੀ ਉੱਪਰ ਤੱਕ ਲਿਆਉਣ ਲਈ ਕਾਂ ਨੇ ਕਿਹੜੀ ਜੁਗਤ ਵਰਤੀ?

ਸ. 'ਹਿੰਮਤ ਅਤੇ ਸਿਆਣਪ' ਕਾਵਿ-ਕਹਾਣੀ ਤੋਂ ਤੁਹਾਨੂੰ ਕੀ ਸਿੱਖਿਆ ਮਿਲ਼ਦੀ ਹੈ?

3. ਹੇਠਾਂ ਪੰਜਾਬੀ ਸ਼ਬਦਾਂ ਦੇ ਸਮਾਨਾਰਥੀ ਹਿੰਦੀ ਭਾਸ਼ਾ ਦੇ ਸ਼ਬਦ ਲਿਖੇ ਗਏ ਹਨ। ਇਹਨਾਂ ਦੇ ਅੰਤਰ ਨੂੰ ਸਮਝੋ ਅਤੇ ਗੁਰਮੁਖੀ ਵਿੱਚ ਲਿਖੇ ਸ਼ਬਦਾਂ ਨੂੰ ਲਿਖਣ ਦਾ ਅਭਿਆਸ ਕਰੋ।

| | | |
|---|---|---|
| ਕਾਂ | – | कौआ |
| ਚੁੰਝ | – | चोंच |
| ਤੇਹ | – | प्यास |
| ਲੱਭਣ | – | ढूंढने |
| ਜੁਗਤ | – | ढंग |
| ਸਿੱਖਿਆ | – | शिक्षा |

ਇਸ ਕਾਵਿ-ਕਹਾਣੀ ਨੂੰ ਜ਼ਬਾਨੀ ਯਾਦ ਕਰਕੇ 'ਸਵੇਰ ਦੀ ਸਭਾ' ਵਿੱਚ ਸੁਣਾਓ।

ਪਾਠ-9

# ਜੇ ਬਾਲਣ ਮੁੱਕ ਜਾਵੇ

ਬਾਬੂ ਸਰਨ ਦਾਸ ਹਰ ਰੋਜ਼ ਰਾਤੀਂ ਜਦੋਂ ਰੋਟੀ ਖਾ ਕੇ ਲੇਟਦੇ ਤਾਂ ਉਹਨਾਂ ਦੇ ਦੋਵੇਂ ਬੱਚੇ ਰਜਨੀ ਅਤੇ ਵਰਿੰਦਰ ਮੰਜੇ ਉੱਤੇ ਆ ਬੈਠਦੇ। ਉਹਨਾਂ ਦੀ ਇੱਕੋ ਮੰਗ ਹੁੰਦੀ, "ਪਿਤਾ ਜੀ, ਕਹਾਣੀ ਸੁਣਾਓ।" ਉਹ ਬਹੁਤ ਟਾਲ਼ਦੇ ਪਰ ਬੱਚੇ ਖਹਿੜਾ ਨਾ ਛੱਡਦੇ।

ਅੱਜ ਵੀ ਜਦੋਂ ਬੱਚੇ ਜ਼ਿਦ ਕਰਨ ਲੱਗੇ ਤਾਂ ਉਹਨਾਂ ਨੇ ਕਹਾਣੀ ਸ਼ੁਰੂ ਕਰ ਦਿੱਤੀ:

"ਇੱਕ ਪਿੰਡ ਵਿੱਚ ਇੱਕ ਬੁੱਢੀ ਰਹਿੰਦੀ ਸੀ। ਕਹਿੰਦੇ ਹਨ ਕਿ ਉਹ ਜੋ ਵੀ ਮੂੰਹੋਂ ਬੋਲਦੀ, ਸੱਚ ਹੋ ਜਾਂਦਾ ਸੀ। ਇੱਕ ਵਾਰੀ ਇੱਕ ਸ਼ਹਿਰੀ ਬੰਦਾ ਉਸ ਦੇ ਘਰ ਆਇਆ। ਉਸ ਨੇ ਬੁੱਢੀ ਨੂੰ ਕਿਹਾ, 'ਮਾਤਾ ਜੀ! ਤੁਹਾਡੇ ਚੁੱਲ੍ਹੇ ਵਿੱਚ ਅੱਗ ਹੈ?' ਬੁੱਢੀ ਨੇ ਪੁੱਛਿਆ, 'ਕੀ ਕਰਨੀ ਏਂ?' ਸ਼ਹਿਰੀ ਬੰਦੇ ਨੇ ਕਿਹਾ, 'ਛੱਲੀਆਂ ਭੁੰਨਣੀਆਂ ਹਨ।' ਬੁੱਢੀ ਬੋਲੀ, 'ਪਰ ਜੇ ਅੱਗ ਨਾ ਹੋਵੇ?' ਸ਼ਹਿਰੀ ਬੰਦੇ ਨੇ ਕਿਹਾ, 'ਮੈਂ ਕਿਸੇ ਹੋਰ ਘਰੋਂ ਲੈ ਲਵਾਂਗਾ।'




'ਪਰ ਜੇ ਤੈਨੂੰ ਕਿਧਰੇ ਵੀ ਅੱਗ ਨਾ ਮਿਲ਼ੇ?' ਉਸ ਬੁੱਢੀ ਨੇ ਕਿਹਾ।

ਸ਼ਹਿਰੀ ਬੰਦਾ ਹੈਰਾਨ ਹੋ ਕੇ ਬੋਲਿਆ, 'ਇਹ ਕਿਵੇਂ ਹੋ ਸਕਦਾ ਹੈ?'

'ਹੋ ਤਾਂ ਪੁੱਤਰ, ਸਭ ਕੁਝ ਸਕਦਾ ਹੈ। ਇਹ ਵੀ ਹੋ ਸਕਦਾ ਹੈ ਕਿ ਲੋਕਾਂ ਦੇ ਘਰੀਂ ਅੱਜ ਬਾਲਣ ਈ ਨਾ ਹੋਵੇ, ਫੇਰ ਅੱਗ ਕਿਵੇਂ ਮੱਚੇਗੀ?'

'ਪਰ ਬਾਲਣ ਕਿੰਞ ਨਾ ਹੋਵੇ? ਕਦੇ ਬਾਲਣ ਵੀ ਮੁੱਕ ਸਕਦਾ ਏ, ਦੁਨੀਆ ਵਿੱਚੋਂ? ਕਿਹੋ-ਜਿਹੀਆਂ ਗੱਲਾਂ ਕਰਨੀ ਏਂ ਮਾਈ?'

ਬੁੱਢੀ ਮਾਈ ਮੁਸਕਰਾ ਪਈ। ਆਪਣੀ ਡੰਗੋਰੀ ਉਤਾਂਹ ਚੁੱਕ ਕੇ ਉਹ ਬੋਲੀ, 'ਜਾਹ, ਅਗਲੇ ਚੌਵੀ ਘੰਟੇ ਤੈਨੂੰ ਕਿਧਰੇ ਵੀ ਬਾਲਣ ਨਹੀਂ ਮਿਲ਼ੇਗਾ।'

ਬੁੱਢੀ ਦੇ ਬੋਲ ਤਾਂ ਪੂਰੇ ਹੁੰਦੇ ਹੀ ਸਨ ਪਰ ਸ਼ਹਿਰੀ ਬੰਦੇ ਨੂੰ ਵਿਸ਼ਵਾਸ ਨਾ ਆਇਆ। ਉਸ ਨੇ ਸੋਚਿਆ,'ਬੁੱਢੀ ਝੱਲੀ ਹੋ ਗਈ ਏ। ਉਹ ਅੱਗ ਲੈਣ ਅਗਲੇ ਘਰ ਚਲਾ ਗਿਆ ਪਰ ਉਸ ਨੇ ਵੇਖਿਆ ਕਿ ਉਸ ਘਰ ਵਿੱਚ ਬਾਲਣ ਮੁੱਕਿਆ ਹੋਇਆ ਸੀ।

ਸ਼ਹਿਰੀ ਬੰਦਾ ਉਸ ਪਿਛੋਂ ਘਰ-ਘਰ ਫਿਰਿਆ ਪਰ ਸਾਰੇ ਲੋਕ ਹੀ ਬਾਲਣ ਮੁੱਕਣ ਦੀ ਸ਼ਿਕਾਇਤ ਕਰ ਰਹੇ ਸਨ। ਕਿਸੇ ਦੇ ਘਰ ਚਾਹ-ਪਾਣੀ ਨਹੀਂ ਸੀ ਬਣਿਆ। ਰੋਟੀ ਨਹੀਂ ਸੀ ਪੱਕੀ। ਭੁੱਖੇ ਨਿਆਣੇ ਵਿਹੜਿਆਂ ਵਿੱਚ ਵਿਲਕਦੇ ਫਿਰਦੇ ਸਨ।

ਤਦ ਸ਼ਹਿਰੀ ਬੰਦੇ ਨੂੰ ਵਿਸ਼ਵਾਸ ਹੋ ਗਿਆ ਕਿ ਉਸ ਬੁੱਢੀ ਦੇ ਬੋਲ ਸੱਚ-ਮੁੱਚ ਪੂਰੇ ਹੋ ਗਏ ਨੇ। ਫਿਰ ਉਸ ਨੇ ਸੋਚਿਆ, ਹੋ ਸਕਦਾ ਏ ਬਾਲਣ ਏਸ ਪਿੰਡ ਵਿੱਚ ਹੀ ਮੁੱਕਿਆ ਹੋਵੇ। ਸ਼ਹਿਰ ਚੱਲਦੇ ਹਾਂ, ਉੱਥੇ ਤਾਂ ਬਾਲਣ ਦੀ ਥਾਂ ਕੋਲਾ, ਮਿੱਟੀ ਦਾ ਤੇਲ, ਗੈਸ ਤੇ ਬਿਜਲੀ ਵਰਤੀ ਜਾਂਦੀ ਹੈ। ਉਹ ਜਦੋਂ ਪਿੰਡੋਂ ਬਾਹਰ ਆਇਆ ਤਾਂ ਸੜਕ ਉੱਤੇ ਇੱਕ ਬੱਸ ਖਲੋਤੀ ਸੀ। ਉਸ ਦੇ ਆਲ਼ੇ-ਦੁਆਲ਼ੇ ਚਾਲ਼ੀ-ਪੰਜਾਹ ਬੰਦੇ ਇੱਕਠੇ ਹੋਏ ਖੜ੍ਹੇ ਸਨ। ਸ਼ਹਿਰੀ ਨੇ ਸੋਚਿਆ, ਇਹ ਵੀ ਚੰਗਾ ਹੋਇਆ। ਉਹ ਬੱਸ ਉੱਤੇ ਛੇਤੀ ਹੀ ਸ਼ਹਿਰ ਪਹੁੰਚ ਜਾਏਗਾ। ਬੱਸ ਦੇ ਕੋਲ਼ ਆਇਆ ਤਾਂ ਪਤਾ ਲੱਗਿਆ ਕਿ ਉਹ ਖ਼ਰਾਬ ਹੈ। ਉਸ ਨੇ ਭੀੜ ਵਿੱਚ ਘਿਰੇ ਹੋਏ ਬੱਸ ਦੇ ਡ੍ਰਾਈਵਰ ਨੂੰ ਪੁੱਛਿਆ, 'ਕੀ ਖ਼ਰਾਬੀ ਹੋ ਗਈ, ਭਰਾਵਾ?'

ਡ੍ਰਾਈਵਰ ਨੇ ਜਵਾਬ ਦਿੱਤਾ,'ਜੀ, ਬਾਲਣ ਮੁੱਕ ਗਿਆ ਏ।'

'ਬਾਲਣ ਮੁੱਕ ਗਿਆ? ਕੀ ਬੱਸ ਬਾਲਣ ਨਾਲ਼ ਚੱਲਦੀ ਏ?'

'ਹੋਰ ਕੀ? ਪਟਰੋਲ ਤੇ ਡੀਜ਼ਲ ਵੀ ਤਾਂ ਬਾਲਣ ਹੀ ਹੁੰਦਾ ਏ, ਜੀ!'

'ਹੁਣ ਬੱਸ ਨਹੀਂ ਚੱਲ ਸਕਦੀ?'

'ਬਾਲਣ ਤੋਂ ਬਿਨਾਂ ਰੋਟੀ ਪੱਕ ਸਕਦੀ ਏ, ਬਾਬੂ ਜੀ?'

'ਨਹੀਂ।'

'ਫੇਰ, ਇਹ ਬੱਸ ਕਿਵੇਂ ਤੁਰ ਪਏਗੀ?'

ਸ਼ਹਿਰ ਉੱਥੋਂ ਚਾਰ ਕਿਲੋਮੀਟਰ ਦੂਰ ਸੀ। ਸ਼ਹਿਰੀ ਬੰਦਾ ਬੜੀ ਮੁਸ਼ਕਲ ਵਿੱਚ ਫਸ ਗਿਆ। ਪਰ ਥੋੜ੍ਹੀ ਦੂਰ ਆ ਕੇ ਉਸ ਨੇ ਵੇਖਿਆ, ਇੱਕ ਬੰਦਾ ਮੋਟਰ-ਸਾਈਕਲ ਲਈ ਖੜੋਤਾ ਸੀ। ਸ਼ਹਿਰੀ ਨੇ ਸੋਚਿਆ, ਉਹ ਉਸ ਦੇ ਨਾਲ਼ ਬੈਠ ਕੇ ਚਲਾ ਜਾਏਗਾ ਪਰ ਜਦੋਂ ਉਸ ਦੇ ਕੋਲ਼ ਆ ਕੇ ਪੁੱਛਿਆ ਤਾਂ ਉਸ ਨੇ ਵੀ ਬੱਸ-ਡ੍ਰਾਈਵਰ ਵਾਲ਼ਾ ਉੱਤਰ ਦਿੱਤਾ, 'ਪਟਰੋਲ ਮੁੱਕ ਗਿਆ ਏ।'

'ਇਹ ਕਮਾਲ ਦੀ ਗੱਲ ਏ,' ਸ਼ਹਿਰੀ ਬੰਦੇ ਨੇ ਹੈਰਾਨੀ ਤੇ ਥਕਾਵਟ ਨਾਲ਼ ਕਿਹਾ,'ਇੰਞ ਤਾਂ ਸਾਰੇ ਕਾਰੋਬਾਰ ਰੁਕ ਜਾਣਗੇ।'

ਉਹ ਬੰਦਾ ਬੜੀ ਮੁਸ਼ਕਲ ਨਾਲ਼ ਪੈਦਲ ਤੁਰ ਕੇ ਸ਼ਹਿਰ ਪਹੁੰਚਿਆ। ਸ਼ਹਿਰ ਦੇ ਬਜ਼ਾਰ ਵਿੱਚ ਉਸ ਨੇ ਵੇਖਿਆ ਕਿ ਦੁਕਾਨਦਾਰ ਅਖ਼ਬਾਰਾਂ, ਪਰਨਿਆਂ ਤੇ ਪੱਖੀਆਂ ਨਾਲ਼ ਹਵਾ ਝੱਲ ਰਹੇ ਸਨ। ਜਦੋਂ ਉਹ ਆਪਣੇ ਘਰ ਪੁੱਜਿਆ ਤਾਂ ਪਤਾ ਲੱਗਿਆ ਕਿ ਬਿਜਲੀ ਬੰਦ ਹੈ। ਕੁਝ ਖਿਝ ਕੇ ਉਸ ਨੇ ਆਪਣੇ ਵੱਡੇ ਮੁੰਡੇ ਕੋਲ਼ੋਂ ਪੁੱਛਿਆ,'ਬਿਜਲੀ ਨੂੰ ਕੀ ਗੋਲ਼ੀ ਵੱਜ ਗਈ ਏ, ਅੱਜ?'

'ਬਿਜਲੀ ਜਿਹੜੇ ਥਰਮਲ ਪਲਾਂਟ ਤੋਂ ਆਉਂਦੀ ਏ, ਉੱਥੇ ਕੋਲਾ ਮੁੱਕ ਗਿਆ ਏ।'

'ਇਹ ਬਾਲਣ ਮੁੱਕਣ ਵਾਲ਼ੀ ਚੰਗੀ ਮੁਸੀਬਤ ਏ! ਹਰ ਥਾਂ ਈ ਬਾਲਣ ਮੁੱਕ ਗਿਆ ਏ?'

ਉਸ ਵੇਲ਼ੇ ਸ਼ਹਿਰੀ ਬੰਦੇ ਦਾ ਛੋਟਾ ਪੁੱਤਰ ਬੈਗ ਚੁੱਕੀ ਅੰਦਰ ਆਇਆ। ਉਸ ਨੇ ਦੱਸਿਆ ਕਿ ਉਹ ਦਿੱਲੀ ਜਾ ਰਿਹਾ ਸੀ ਪਰ ਗੱਡੀ ਹੀ ਨਹੀਂ ਆ ਰਹੀ। ਕਹਿੰਦੇ ਨੇ ਪਿਛਲੇ ਸਟੇਸ਼ਨ ਉੱਤੇ ਖਲੋਤੀ ਏ, ਬਾਲਣ ਮੁੱਕ ਗਿਆ ਏ।

ਸ਼ਹਿਰੀ ਬੰਦੇ ਨੂੰ ਕੁਝ ਡਰ ਜਿਹਾ ਲੱਗਿਆ। ਉਸ ਨੇ ਫ਼ਿਕਰਮੰਦ ਹੋ ਕੇ ਕਿਹਾ,'ਜੇ ਤੂੰ ਦਿੱਲੀ ਕੱਲ੍ਹ ਤੱਕ ਨਾ ਪਹੁੰਚ ਸਕਿਆ ਤਾਂ ਆਪਣਾ ਹਜ਼ਾਰਾਂ ਰੁਪਏ ਦਾ ਨੁਕਸਾਨ ਹੋ ਜਾਏਗਾ। ਟੈਲੀਫ਼ੂਨ ਕਰਕੇ ਪਤਾ ਕਰ ਜੇਕਰ ਕੋਈ ਹਵਾਈ ਜਹਾਜ਼ ਜਾਂਦਾ ਹੋਵੇ ਤਾਂ।'

ਮੁੰਡੇ ਨੇ ਟੈਲੀਫ਼ੂਨ ਚੁੱਕਿਆ ਤਾਂ ਪਤਾ ਲੱਗਿਆ ਕਿ ਬਾਲਣ ਮੁੱਕ ਜਾਣ ਕਰਕੇ ਕੋਈ ਵੀ ਜਹਾਜ਼ ਨਹੀਂ ਉੱਡ ਰਿਹਾ।

ਕੁਝ ਚਿਰ ਪਿਛੋਂ ਰਾਤ ਪੈ ਗਈ। ਸਾਰੇ ਘਰਾਂ ਵਿੱਚ ਘੁੱਪ ਹਨੇਰਾ ਹੋ ਗਿਆ। ਕਿਸੇ ਦੇ ਵੀ ਘਰ ਚੁੱਲ੍ਹਾ ਨਾ ਬਲ਼ਨ ਕਰਕੇ ਰੋਟੀ ਨਹੀਂ ਸੀ ਪੱਕੀ। ਬੱਚੇ ਭੁੱਖੇ ਰੋ ਰਹੇ ਸਨ। ਗਰਮੀ ਵਿੱਚ ਕਮਰਿਆਂ ਦੇ ਅੰਦਰ ਸੌਣ ਵਾਲ਼ੇ ਲੋਕ, ਪੱਖੇ ਨਾ ਚੱਲਣ ਕਰਕੇ ਮੁੜ੍ਹਕੋ-ਮੁੜ੍ਹਕੀ ਹੋਏ-ਹੋਏ ਸਨ।

ਉਹ ਸ਼ਹਿਰੀ ਬੰਦਾ ਸੋਚ ਰਿਹਾ ਸੀ ਕਿ ਜੇ ਪੂਰੇ ਚੌਵੀ ਘੰਟੇ ਇਵੇਂ ਰਿਹਾ ਤਾਂ ਲੋਕਾਂ ਦਾ ਕੀ ਹਾਲ ਹੋਵੇਗਾ?

ਸ਼ਹਿਰੀ ਬੰਦੇ ਨੇ ਘਬਰਾ ਕੇ ਹੱਥ ਜੋੜਦਿਆਂ ਕਿਹਾ,'ਹੇ! ਮਾਈ ਬੁੱਢੀ! ਜੇ ਤੇਰੇ ਕਹਿਣ ਨਾਲ਼ ਹੀ ਦੁਨੀਆ ਵਿੱਚ ਬਾਲਣ ਮੁੱਕਿਆ ਏ ਤਾਂ ਮਿਹਰ ਕਰ। ਮੈਥੋਂ ਇਹ ਭੈੜੀ ਹਾਲਤ ਹੋਰ ਨਹੀਂ ਦੇਖੀ ਜਾਂਦੀ।'

ਉਸ ਦੇ ਕਹਿਣ ਦੀ ਢਿੱਲ ਸੀ ਕਿ ਉਸੇ ਵੇਲ਼ੇ ਬਿਜਲੀ ਆ ਗਈ। ਇਕਦਮ ਜਿਵੇਂ ਲੋਕਾਂ ਦੇ ਤਨ-ਮਨ ਖਿੜ ਪਏ। ਬੱਚੇ ਖ਼ੁਸ਼ੀ ਨਾਲ਼ ਕਿਲਕਾਰੀਆਂ ਮਾਰਨ ਲੱਗੇ। ਸੁਆਣੀਆਂ ਰੋਟੀ ਪਕਾਉਣ ਲੱਗ ਪਈਆਂ। ਪੱਖੇ ਹਵਾ ਦੇਣ ਲੱਗ ਪਏ। ਇੰਝ ਲੱਗਦਾ ਸੀ, ਜਿਵੇਂ ਸਾਰਾ ਸ਼ਹਿਰ ਹੀ ਗੂੜ੍ਹੀ ਨੀਂਦ ਪਿੱਛੋਂ ਜਾਗ ਪਿਆ ਹੋਵੇ।"

ਏਨੀ ਕਹਾਣੀ ਸੁਣਾ ਕੇ ਪਿਤਾ ਜੀ ਚੁੱਪ ਕਰ ਗਏ।

'ਬੱਸ! ਬਾਤ ਮੁੱਕ ਗਈ, ਪਿਤਾ ਜੀ?' ਰਜਨੀ ਨੇ ਪੁੱਛਿਆ।

'ਤੇ ਹੋਰ ਕੀ? ਚੰਗੀ ਲੱਗੀ ਏ?' ਬਾਬੂ ਸਰਨ ਦਾਸ ਨੇ ਕਿਹਾ।

'ਚੰਗੀ ਤਾਂ ਲੱਗੀ ਏ, ਪਰ ਕੀ ਇਹ ਸੱਚੀ ਗੱਲ ਏ, ਬਾਬੂ ਜੀ?' ਵਰਿੰਦਰ ਨੇ ਕਿਹਾ।

'ਸੱਚੀ ਬਿਲਕੁਲ ਨਹੀਂ। ਮੈਂ ਇਹ ਸਾਰੀ ਮਨੋਂ ਜੋੜੀ ਏ। ਪਰ ਤੁਸੀਂ ਸੋਚ ਕੇ ਵੇਖੋ ਕਿ ਜੇ ਕਿਧਰੇ ਇਸ ਤਰ੍ਹਾਂ ਬਾਲਣ ਮੁੱਕ ਜਾਵੇ ਤਾਂ ਕੀ ਬਣੇ?' ਬਾਬੂ ਸਰਨ ਦਾਸ ਨੇ ਕਿਹਾ।

ਦੋਵੇਂ ਬੱਚੇ ਚੁੱਪ ਹੋ ਗਏ। ਉਹ ਗੰਭੀਰਤਾ ਨਾਲ਼ ਸੋਚ ਰਹੇ ਸਨ ਕਿ ਜੇ ਸੱਚ-ਮੁੱਚ ਹੀ ਬਾਲਣ ਮੁੱਕ ਜਾਏ ਤਾਂ ਲੋਕਾਂ ਦਾ ਕੀ ਹਾਲ ਹੋਵੇ?

### ਔਖੇ ਸ਼ਬਦਾਂ ਦੇ ਅਰਥ:

| | | |
|---|---|---|
| ਖਹਿੜਾ ਨਾ ਛੱਡਣਾ | - | ਪਿੱਛਾ ਨਾ ਛੱਡਣਾ, ਮਗਰੋਂ ਨਾ ਲਹਿਣਾ |
| ਡੰਗੋਰੀ | - | ਆਸਰੇ ਲਈ ਛੜੀ, ਸੋਟੀ, ਲਾਠੀ, ਟੋਹਣੀ |
| ਕਿਲਕਾਰੀਆਂ | - | ਚੀਕਾਂ |

## ਪਾਠ-ਅਭਿਆਸ

1. **ਖ਼ਾਲ਼ੀ ਸਥਾਨ ਭਰੋ:-**

ੳ. ਮਾਤਾ ਜੀ, ਤੁਹਾਡੇ ਚੁੱਲ੍ਹੇ ਵਿੱਚ............ਹੈ?

ਅ. ਬੁੱਢੀ ਮਾਈ.............ਪਈ।

ੲ. ਸ਼ਹਿਰੀ ਬੰਦਾ ਅੱਗ ਲੈਣ ਲਈ.............ਫਿਰਿਆ।

ਸ. ਸਾਰੇ ਲੋਕ.............ਦੀ ਸ਼ਿਕਾਇਤ ਕਰ ਰਹੇ ਸਨ।

ਹ. ਪਟਰੋਲ ਅਤੇ ਡੀਜ਼ਲ ਵੀ ਤਾਂ...........ਹੀ ਹੁੰਦਾ ਏ, ਜੀ।

2. **ਸੰਖੇਪ ਵਿੱਚ ਉੱਤਰ ਦਿਓ:-**

ੳ. ਸ਼ਹਿਰੀ ਬੰਦੇ ਨੇ ਅੱਗ ਕੀ ਕਰਨੀ ਸੀ?

ਅ. ਬਾਲਣ ਮੁੱਕਣ ਨਾਲ਼ ਆਵਾਜਾਈ ਦੇ ਕਿਹੜੇ-ਕਿਹੜੇ ਸਾਧਨ ਚੱਲਣੋਂ ਰੁਕ ਗਏ ਸਨ?

ੲ. ਬਿਜਲੀ ਕਿਉਂ ਬੰਦ ਸੀ?

ਸ. ਕਹਾਣੀ ਸੁਣਨ ਉਪਰੰਤ ਬੱਚੇ ਕੀ ਸੋਚ ਰਹੇ ਸਨ?

3. **ਵਾਕਾਂ ਵਿੱਚ ਵਰਤੋ :-**

ਜ਼ਿਦ, ਵਿਲਕਣਾ, ਮੁਸ਼ਕਲ, ਥਕਾਵਟ, ਕਿਲਕਾਰੀਆਂ।

4. **ਹੇਠਾਂ ਗੁਰਮੁਖੀ ਅਤੇ ਦੇਵਨਾਗਰੀ ਵਿੱਚ ਦਿੱਤੇ ਸ਼ਬਦ-ਜੋੜਾਂ ਦੇ ਅੰਤਰ ਨੂੰ ਸਮਝੋ ਅਤੇ ਗੁਰਮੁਖੀ ਵਿੱਚ ਲਿਖੇ ਸ਼ਬਦਾਂ ਨੂੰ ਲਿਖਣ ਦਾ ਅਭਿਆਸ ਕਰੋ:**

| | | | | | |
|---|---|---|---|---|---|
| ਅੱਜ | - | आज | ਕੋਲਾ | - | कोयला |
| ਅੱਗ | - | आग | ਮਿੱਟੀ | - | मिट्टी |
| ਭੁੱਖਾ | - | भूखा | ਚਾਲ਼ੀ | - | चालीस |
| ਕਿਧਰੇ | - | कहीं | ਸ਼ਹਿਰ | - | शहर |
| ਸਟੇਸ਼ਨ | - | स्टेशन | ਮੈਥੋਂ | - | मुझ से |

5. **ਹੇਠਾਂ ਇੱਕ ਹੀ ਅਰਥ ਲਈ ਪੰਜਾਬੀ ਅਤੇ ਹਿੰਦੀ ਵਿੱਚ ਭਿੰਨ-ਭਿੰਨ ਸ਼ਬਦ ਦਿੱਤੇ ਗਏ ਹਨ। ਇਹਨਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਪੰਜਾਬੀ ਸ਼ਬਦਾਂ ਨੂੰ ਲਿਖੋ:**

| | | | | | |
|---|---|---|---|---|---|
| ਬਾਲਣ | - | ईंधन | ਵਿਹੜਾ | - | आंगन |
| ਮੁੱਕਣਾ | - | समाप्त होना | ਅਖ਼ਬਾਰ | - | समाचार पत्र |
| ਮੱਚਣਾ | - | जलना | ਮੁੜ੍ਹਕਾ | - | पसीना |
| ਝੱਲੀ | - | पागल | ਭੈੜੀ | - | बुरी |

6. **ਇਸ ਪਾਠ ਵਿੱਚ ਇਹ ਨਾਂ ਵੀ ਆਏ ਹਨ:**

ਬਾਬੂ ਸਰਨ ਦਾਸ, ਰਜਨੀ, ਵਰਿੰਦਰ

ਇਹ ਸਾਰੇ ਸ਼ਬਦ ਨਾਂਵ-ਸ਼ਬਦ ਹਨ। ਪਾਠ ਵਿੱਚ ਇਹਨਾਂ ਦੀ ਥਾਂ ਕਿਤੇ 'ਉਹ', ਕਿਤੇ 'ਇਹ' ਅਤੇ ਕਿਤੇ 'ਮੈਂ'

ਸ਼ਬਦ ਆਏ ਹਨ। ਨਾਂਵ-ਸ਼ਬਦਾਂ ਦੀ ਥਾਂ ਵਰਤੇ ਜਾਂਦੇ ਸ਼ਬਦ ਪੜਨਾਂਵ ਹੁੰਦੇ ਹਨ।

-ਹਿੰਦੀ ਵਿੱਚ ਪੜਨਾਂਵ ਨੂੰ 'ਸਰਵਨਾਮ' ਕਹਿੰਦੇ ਹਨ।


-ਇਸ ਪਾਠ ਵਿੱਚੋਂ ਪੜਨਾਂਵ-ਸ਼ਬਦ ਚੁਣੋ।

ਅਧਿਆਪਕ ਵਿਦਿਆਰਥੀਆਂ ਨੂੰ ਊਰਜਾ ਦੇ ਵੱਖ-ਵੱਖ ਸੋਮਿਆਂ ਬਾਰੇ ਦੱਸੇ ਅਤੇ ਉਹਨਾਂ ਦੀ ਬੱਚਤ ਕਰਨ ਸੰਬੰਧੀ ਵਿਦਿਆਰਥੀਆਂ ਨੂੰ ਜਾਗਰੂਕ ਕਰੇ।

ਪਾਠ-10

# ਸਾਡੀਆਂ ਸਬਜ਼ੀਆਂ

ਅੱਧੀ ਛੁੱਟੀ ਦੀ ਘੰਟੀ ਵੱਜਦੀ ਹੈ। ਦੀਪੂ, ਹੰਸਾ ਅਤੇ ਰਮੀ ਘੰਟੀ ਦੀ ਅਵਾਜ਼ ਸੁਣਦਿਆਂ ਹੀ ਆਪਣਾ-ਆਪਣਾ ਰੋਟੀ ਦਾ ਡੱਬਾ ਚੁੱਕ ਕੇ, ਪਾਰਕ ਦੇ ਇੱਕ ਕੋਨੇ ਵੱਲ ਦੌੜਦੇ ਹਨ। ਉੱਥੇ ਉਹ ਟਾਹਲੀ ਦੇ ਇੱਕ ਰੁੱਖ ਹੇਠ ਬੈਠ ਕੇ ਰੋਟੀ ਖਾਣ ਲੱਗਦੇ ਹਨ।




ਰਮੀ : ਦੀਪੂ ! ਤੂੰ ਰੋਟੀ ਖਾਣ ਲੱਗ ਪਿਆ ਏਂ? ਹੱਥ ਨਹੀਂ ਧੋਣੇ?

ਹੰਸੂ : ਹਾਂ, ਹਾਂ ! ਹੱਥਾਂ ਨੂੰ ਕੀ ਲੱਗਿਆ ਸੀ?

ਰਮੀ : ਕਿਉਂ ਦੀਪੂ ! ਅੱਜ ਫੇਰ ਝਿੜਕਾਂ ਪਈਆਂ ਸਨ? ਕੀ ਗੱਲ ਸੀ?

ਦੀਪੂ : ਮੈਂ ਜਮਾਤ ਵਿੱਚ ਹੀ ਰੋਟੀ ਖਾਣ ਲੱਗ ਪਿਆ ਸੀ।

ਰਮੀ : ਕਿਉਂ? ਸਬਰ ਨਹੀਂ ਸੀ ਕੀਤਾ ਜਾਂਦਾ? ਅੱਧੀ ਛੁੱਟੀ ਤੱਕ ਉਡੀਕ ਲੈਣਾ ਸੀ।

ਹੰਸੂ : ਨਹੀਂ ਰਮੀ ! ਇਹ ਅੱਜ ਗੋਭੀ ਦੀ ਸਬਜ਼ੀ ਲਿਆਇਆ ਏ, ਇਸ ਨੇ ਸੋਚਿਆ ਹੋਣਾ ਮਤਾਂ ਅਸੀਂ ਨਾ ਵੰਡਾ ਲਈਏ।

ਦੀਪੂ : ਮੈਨੂੰ ਗੋਭੀ ਬਹੁਤ ਚੰਗੀ ਲੱਗਦੀ ਐ, ਮੈਥੋਂ ਰਿਹਾ ਨਾ ਗਿਆ।

ਰਮੀ : ਲੈ ਗੋਭੀ ਵੀ ਕੋਈ ਸਬਜ਼ੀ ਐ? ਮੈਨੂੰ ਤਾਂ ਆਲੂ-ਗਾਜਰਾਂ ਚੰਗੀਆਂ ਲੱਗਦੀਆਂ ਨੇ। ਲੈਣੀ ਐ, ਆਲੂ-ਗਾਜਰਾਂ ਦੀ ਸਬਜ਼ੀ?

ਹੰਸੂ : ਲਿਆ, ਮੈਨੂੰ ਦੇ-ਦੇ। ਮੇਰੀ ਬੇਬੇ ਨੇ ਤਾਂ ਸਾਗ ਹੀ ਬਣਾਇਆ ਸੀ। ਮੈਨੂੰ ਨਹੀਂ ਚੰਗਾ ਲੱਗਦਾ,ਰੋਜ਼ ਈ, ਸਾਗ। ਤਿੰਨ ਦਿਨ ਹੋ ਗਏ ਤੜਕੇ ਲਾ-ਲਾ ਖਾਂਦਿਆਂ ਨੂੰ। ਮੈ ਤਾਂ ਅਚਾਰ ਤੇ ਗੰਢਾ ਹੀ ਲੈ ਆਇਆ ਹਾਂ।

ਦੀਪੂ : ਲੈ, ਮੈਥੋਂ ਵੀ ਲੈ-ਲੈ ਸਬਜ਼ੀ। ਗੋਭੀ ਵਿੱਚ ਮਟਰ ਵੀ ਪਾਏ ਹੋਏ ਨੇ। ਬੜੀ ਸੁਆਦ ਹੈ। ਖਾ ਕੇ ਵੇਖ। (ਰਮੀ ਤੇ ਦੀਪੂ, ਹੰਸੂ ਨੂੰ ਆਪਣੇ-ਆਪਣੇ ਡੱਬੇ 'ਚੋਂ ਸਬਜ਼ੀ ਦਿੰਦੇ ਹਨ। ਤਿੰਨੇ ਰੋਟੀ ਖਾਣ ਲੱਗਦੇ ਹਨ।)

ਰਮੀ : ਸ਼ਿਮਲਾ ਮਿਰਚ ਵੱਡੀ ਫੁੱਲੀ ਹੋਈ ਮਿਰਚ ਹੁੰਦੀ ਹੈ। ਇਸ ਦੀ ਸਬਜ਼ੀ ਬੜੀ ਸੁਆਦੀ ਬਣਦੀ ਹੈ ।

ਹੰਸੂ : ਆਲੂ-ਗਾਜਰਾਂ ਤੋਂ ਵੀ?

ਰਮੀ : ਹਾਂ, ਆਲੂ-ਗਾਜਰਾਂ ਤਾਂ ਕੁਝ ਵੀ ਨਹੀਂ, ਉਸ ਦੇ ਸਾਮ੍ਹਣੇ। ਜੇ ਕਿਤੇ ਵਿੱਚ ਟਮਾਟਰ ਵੀ ਪੈ ਜਾਣ ਤਾਂ ਸੁਆਦ ਦੁੱਗਣਾ ਹੋ ਜਾਂਦਾ ਐ।

ਦੀਪੂ : ਟਮਾਟਰ ਤਾਂ ਕੱਚੇ ਹੀ ਸੁਆਦ ਲੱਗਦੇ ਨੇ।

ਰਮੀ : ਤੈਨੂੰ ਤਾਂ ਪਤਾ ਈ ਨਹੀਂ, ਟਮਾਟਰ ਕੱਚੇ ਵੀ ਖਾਈਦੇ ਹਨ ਤੇ ਸਬਜ਼ੀ ਵਿੱਚ ਵੀ ਪੈਂਦੇ ਹਨ, ਜਿਵੇਂ; ਮੂਲੀ ਕੱਚੀ ਵੀ ਖਾਈਦੀ ਹੈ ਤੇ ਇਸ ਦੀ ਸਬਜ਼ੀ ਵੀ ਬਣਦੀ ਹੈ।

ਹੰਸੂ : ਪਿਛਲੇ ਸਾਲ ਸਾਡੇ ਮੂਲੀਆਂ ਤੇ ਸ਼ਲਗਮ ਬਹੁਤ ਹੋਏ ਸਨ।

ਰਮੀ : ਅੱਛਾ! ਤੁਸੀਂ ਹੋਰ ਕੀ ਬੀਜਦੇ ਹੁੰਦੇ ਹੋ?

ਹੰਸੂ : ਬਾਪੂ ਜੀ ਕਿੰਨਾ ਕੁਝ ਬੀਜ ਛੱਡਦੇ ਹਨ; ਆਲੂ, ਕੱਦੂ, ਟੀਂਡੇ, ਟਮਾਟਰ, ਭਿੰਡੀ ਤੋਰੀ, ਘੀਆ ਤੋਰੀ, ਹਰੀਆਂ ਮਿਰਚਾਂ ਆਦਿ। ਲੰਬੜਦਾਰ ਤਾਂ ਅਰਬੀ ਵੀ ਬੀਜਦਾ ਹੈ।

ਰਮੀ : ਕਿਉਂ ਦੀਪੂ, ਤੁਸੀਂ ਕੀ ਬੀਜਦੇ ਹੋ?

ਦੀਪੂ : ਅਸੀਂ ਤਾਂ ਬੈਂਗਣ, ਗਾਜਰਾਂ, ਮੂਲੀਆਂ, ਕਰੇਲੇ ਤੇ ਖੀਰੇ ਬੀਜੇ ਸਨ। ਹੁਣ ਅਸੀਂ ਲਾਏ ਨੇ ਗੰਢੇ, ਲਸਣ ਤੇ ਮਟਰ।

ਰਮੀ : ਅਸੀਂ ਤਾਂ ਸਾਰੀਆਂ ਸਬਜ਼ੀਆਂ ਸ਼ਹਿਰੋਂ ਈ ਲਿਆਉਂਦੇ ਹਾਂ। ਕਿੰਨੀਆਂ ਹੀ ਸਬਜ਼ੀਆਂ ਹੁੰਦੀਆਂ ਨੇ, ਉੱਥੇ।

ਹੰਸੂ : ਤੂੰ ਹੁਣ ਤੱਕ ਕਿਹੜੀਆਂ ਸਬਜ਼ੀਆਂ ਖਾ ਕੇ ਦੇਖੀਆਂ ਨੇ?

ਰਮੀ : ਬੈਂਗਣ, ਗੋਭੀ, ਗਾਜਰਾਂ, ਸਾਗ, ਜ਼ਿਮੀਕੰਦ.............।

ਹੰਸੂ : ਲੈ, ਇਹ ਤਾਂ ਅਸੀਂ ਵੀ ਖਾਧੀਆਂ ਨੇ।

ਰਮੀ : ਠਹਿਰ ਤਾਂ ਜਾ! ਕੱਦੂ, ਚੱਪਣ ਕੱਦੂ, ਟਿੰਡੇ, ਭਿੰਡੀ ਤੋਰੀ, ਕਾਲ਼ੀ ਤੋਰੀ, ਸ਼ਿਮਲਾ ਮਿਰਚ ਤੇ ਪਾਲਕ।

ਦੀਪੂ : ਇਹ ਤਾਂ ਸਾਰੇ ਹੀ ਖਾਂਦੇ ਹਨ।

ਰਮੀ : ਪੁਦੀਨਾ, ਧਨੀਆ................।

ਦੀਪੂ : ਇਹ ਕੋਈ ਸਬਜ਼ੀ ਹੈ? ਇਹਦੀ ਤਾਂ ਚਟਣੀ ਬਣਦੀ ਹੈ।

ਰਮੀ : ਹੋਰ ਕੀ? ਇਹ ਵੀ ਸਬਜ਼ੀਆਂ ਈ ਹੁੰਦੀਆਂ ਨੇ।

ਹੰਸੂ : ਕਿਉਂ ਰਮੀ, ਤੂੰ ਕਦੇ ਪੇਠਾ ਖਾਧਾ ਏ?

ਰਮੀ : (ਭੈੜਾ ਜਿਹਾ ਮੂੰਹ ਬਣਾ ਕੇ) ਇਹ ਕੋਈ ਸਬਜ਼ੀ ਐ? ਇਹਨੂੰ ਤਾਂ ਗਧੇ ਵੀ ਨਹੀਂ ਸਿਆਣਦੇ।

ਦੀਪੂ : ਇਹਨੂੰ ਕੁਝ ਪਸੰਦ ਹੀ ਨਹੀਂ ਆਉਂਦਾ। ਕਰੇਲੇ ਖਾਇਆ ਕਰ, ਰਮੀ!

ਰਮੀ : ਕਰੇਲੇ ਤਾਂ ਕੌੜੇ ਹੁੰਦੇ ਹਨ।

ਹੰਸੂ : ਮਸਾਲੇ ਨਾਲ਼ ਭਰ ਕੇ ਬਣਾਏ ਹੋਏ ਖਾਵੀਂ, ਕਦੇ। ਤੇਲ ਵਿੱਚ ਤਲ਼ੇ ਤਾਂ ਬੜੇ ਹੀ ਸੁਆਦ ਲੱਗਦੇ ਨੇ। (ਘੰਟੀ ਵੱਜਦੀ ਹੈ)

ਰਮੀ : ਚੱਲੋ, ਘੰਟੀ ਵੱਜ ਗਈ। ਪਾਣੀ ਵੀ ਨਹੀਂ ਪੀਤਾ, ਗੱਲਾਂ-ਗੱਲਾਂ ਵਿੱਚ । ਲੋਬੀਏ ਦੀਆਂ ਫਲ਼ੀਆਂ ਲੈ ਕੇ ਆਊਂ, ਭਲ਼ਕੇ।

ਹੰਸੂ : ਆਪਾਂ ਤਾਂ ਸਰ੍ਹੋਂ ਦਾ ਸਾਗ ਲਿਆਵਾਂਗੇ।

ਦੀਪੂ : ਮੈਂ ਤਾਂ ਅਚਾਰ ਤੇ ਗੰਢਾ ਹੀ ਲਿਆਊਂ। (ਤਿੰਨੇ ਹੱਸਦੇ-ਹੱਸਦੇ ਤੁਰ ਜਾਂਦੇ ਹਨ)

**ਔਖੇ ਸ਼ਬਦਾਂ ਦੇ ਅਰਥ:**

ਕੋਨਾ-ਖੂੰਜਾ, ਨੁੱਕਰ , ਗੁੱਠ

ਸਬਰ-ਧੀਰਜ, ਜਰਾਂਦ

ਮਤਾਂ-ਅਜਿਹਾ ਨਾ ਹੋਵੇ ਕਿ

## ਪਾਠ-ਅਭਿਆਸ

1. **ਖ਼ਾਲੀ ਸਥਾਨ ਭਰੋ-**

ੳ ................ਤਾਂ ਕੱਚੇ ਹੀ ਸੁਆਦ ਲੱਗਦੇ ਹਨ।

ਅ ਪੁਦੀਨੇ ਦੀ ...........ਬੜੀ ਵਧੀਆ ਬਣੀ ਏ।

ੲ ........ਮਸਾਲੇ ਨਾਲ਼ ਭਰ ਕੇ ਖਾਈਦੇ ਹਨ।

ਸ. ਲੰਬੜਦਾਰ ਤਾਂ.........ਵੀ ਬੀਜਦਾ ਹੈ।

ਹ. ਪਿਛਲੇ ਸਾਲ ਸਾਡੇ ਮੂਲੀਆਂ ਤੇ...........ਬਹੁਤ ਹੋਏ ਸਨ।

2. **ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ਹਨ:-**

ੳ. ਮੈਨੂੰ ਗੋਭੀ ਬਹੁਤ ਚੰਗੀ ਲੱਗਦੀ ਹੈ।

ਅ. ਮੈਨੂੰ ਨਹੀਂ ਚੰਗਾ ਲੱਗਦਾ, ਰੋਜ਼ ਈ, ਸਾਗ।

ੲ. ਅਸੀਂ ਤਾਂ ਸਾਰੀਆਂ ਸਬਜ਼ੀਆਂ ਸ਼ਹਿਰੋਂ ਈ ਲਿਆਉਂਦੇ ਹਾਂ।

ਸ. ਲੋਬੀਏ ਦੀਆਂ ਫਲ਼ੀਆਂ ਲੈ ਕੇ ਆਊਂ, ਭਲ਼ਕੇ।

3. **ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:-**

ਡੱਬਾ, ਟਾਹਲੀ, ਸੁਆਦ, ਸਬਰ, ਸਬਜ਼ੀ

4. **ਹੇਠਾਂ ਗੁਰਮੁਖੀ ਅਤੇ ਦੇਵਨਾਗਰੀ ਵਿੱਚ ਲਿਖੇ ਸ਼ਬਦ-ਜੋੜਾਂ ਦੇ ਅੰਤਰ ਨੂੰ ਸਮਝੋ ਅਤੇ ਗੁਰਮੁਖੀ ਵਿੱਚ ਲਿਖੇ ਸ਼ਬਦਾਂ ਨੂੰ ਲਿਖਣ ਦਾ ਅਭਿਆਸ ਕਰੋ : -**

ਸੋਚਿਆ : सोचा

| | | |
|---|---|---|
| ਲਸਣ | : | लहसुन |
| ਅਚਾਰ | : | आचार |
| ਸਬਜ਼ੀ | : | सबज़ी |
| ਸੁਆਦ | : | स्वाद |
| ਸਰ੍ਹੋਂ | : | सरसों |

5. ਹੇਠਾਂ ਇੱਕ ਹੀ ਅਰਥ ਲਈ ਪੰਜਾਬੀ ਅਤੇ ਹਿੰਦੀ ਵਿੱਚ ਭਿੰਨ-ਭਿੰਨ ਸ਼ਬਦ ਦਿੱਤੇ ਗਏ ਹਨ। ਇਹਨਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਪੰਜਾਬੀ ਸ਼ਬਦਾਂ ਨੂੰ ਲਿਖਣ ਦਾ ਅਭਿਆਸ ਕਰੋ:-

| | | |
|---|---|---|
| ਟਾਹਲੀ | : | शीशम |
| ਰੁੱਖ | : | वृक्ष |
| ਗੰਢਾ | : | प्याज़ |
| ਕਦੇ | : | कभी |
| ਸਿਆਣਦੇ | : | पहचानते |
| ਆਪਾਂ | : | हम |

ਆਪਣੀਆਂ ਮਨਪਸੰਦ ਪੰਜ ਸਬਜ਼ੀਆਂ ਦੇ ਨਾਂ ਲਿਖੋ ਅਤੇ ਉਹਨਾਂ ਦੇ ਚਿੱਤਰ ਬਣਾ ਕੇ ਰੰਗ ਭਰੋ।

ਪਾਠ-11

# ਪੰਛੀਆਂ ਦਾ ਗੀਤ

ਤੋਤਿਆਂ ਦੀ ਡਾਰ, ਵੇਖੋ ਤੋਤਿਆਂ ਦੀ ਡਾਰ,
ਕਿਤੇ ਬੋਲਦੀ ਹੈ ਘੁੱਗੀ, ਕਿਤੇ ਨੱਚਦੀ ਗੁਟਾਰ।

ਕਿਤੇ ਗੁਟਕਦੇ ਨੇ ਗੋਲੇ, ਕਿਤੇ ਬੋਲਦੇ ਮਮੋਲੇ,
ਕਿਤੇ ਬਿਜੜਾ ਵੀ ਆਲ੍ਹਣੇ ਨੂੰ, ਰਿਹਾ ਹੈ ਸ਼ਿੰਗਾਰ।

ਕਿਤੇ ਬਤਕਾਂ ਦੀ ਤਾਰੀ, ਕਿਤੇ ਕੂੰਜਾਂ ਦੀ ਉਡਾਰੀ,
ਕਿਤੇ ਬਗਲਾ ਭਗਤ ਖੜ੍ਹਾ, ਇੱਕ ਲੱਤ ਭਾਰ।

ਕਿਤੇ ਚਿੜੀਆਂ ਦੇ ਝੁੰਡ, ਚੱਕੀਰਾਹਾ ਖਾਵੇ ਸੁੰਡ,
ਕਿਤੇ ਪੈਲਾਂ ਪਾਉਂਦੇ ਮੋਰ, ਵੇਖੋ ਖੰਭਾਂ ਨੂੰ ਖਿਲਾਰ।

ਕਿਤੇ ਬੁਲਬੁਲਾਂ ਦਾ ਗੀਤ, ਮਿੱਠਾ-ਮਿੱਠਾ ਸੰਗੀਤ,
ਕਿਤੇ ਗੀਤ ਗਾਵੇ ਕੋਇਲ, ਜਦੋਂ ਆਉਂਦੀ ਹੈ ਬਹਾਰ।

ਕਿਤੇ ਤਿੱਤਰ, ਬਟੇਰੇ; ਮੱਲੇ ਕਾਂਵਾਂ ਨੇ ਬਨੇਰੇ,
ਕਿਤੇ ਉੱਲੂ ਬੈਠਾ ਰਾਤ ਦਾ, ਹੈ ਕਰੇ ਇੰਤਜ਼ਾਰ।

ਕਿਤੇ ਉੱਡਦੇ ਨੇ ਬਾਜ਼, ਕਿਤੇ ਗਿਰਝਾਂ ਦਾ ਰਾਜ,
ਵੇਖੋ ਕਿੰਨਾ ਸੋਹਣਾ ਲੱਗਦਾ, ਇਹ ਪੰਛੀ-ਸੰਸਾਰ।

ਪੰਛੀ ਹੁੰਦੇ ਬੇਮਿਸਾਲ, ਰੱਖੋ ਇਹਨਾਂ ਨੂੰ ਸੰਭਾਲ਼,
ਕਦੇ ਭੁੱਲ ਕੇ ਵੀ ਕਰੀਏ ਨਾ, ਇਹਨਾਂ ਦਾ ਸ਼ਿਕਾਰ

**ਔਖੇ ਸ਼ਬਦਾਂ ਦੇ ਅਰਥ :-**

| | | |
|---|---|---|
| ਗੁਟਕਦੇ | : | ਕਬੂਤਰਾਂ ਦਾ ਬੋਲਣਾ |
| ਝੁੰਡ | : | ਪੰਛੀਆਂ ਜਾਂ ਜਾਨਵਰਾਂ ਦਾ ਸਮੂਹ |
| ਇੰਤਜ਼ਾਰ | : | ਉਡੀਕ, ਰਾਹ ਤੱਕਣਾ |

| | | |
|---|---|---|
| ਗੋਲੇ | : | ਜੰਗਲ਼ੀ ਕਬੂਤਰ |
| ਬੇਮਿਸਾਲ | : | ਅਦੁੱਤੀ, ਲਾਸਾਨੀ, ਜਿਸ ਵਰਗਾ ਕੋਈ ਹੋਰ ਨਾ ਹੋਵੇ |

## ਪਾਠ-ਅਭਿਆਸ

1. **ਖ਼ਾਲੀ ਸਥਾਨ ਭਰੋ:**

ੳ. ਕਿਤੇ..............ਖੜ੍ਹਾ, ਇੱਕ ਲੱਤ ਭਾਰ।

ਅ. ਮੱਲੇ ਕਾਂਵਾਂ ਨੇ ................।

ੲ. ਕਿਤੇ ਚਿੜੀਆਂ ਦਾ ਝੁੰਡ, ਚੱਕੀ ਰਾਹਾ ਖਾਵੇ.......................।

ਸ. ਕਿਤੇ ...........ਦਾ ਗੀਤ, ਮਿੱਠਾ-ਮਿੱਠਾ ਸੰਗੀਤ।

2. **ਮਿਲਾਣ ਕਰੋ-**

| | | |
|---|---|---|
| ਕਬੂਤਰ | : | ਗੀਤ |
| ਬਤਕਾਂ | : | ਉਡਾਰੀ |
| ਕੂੰਜਾਂ | : | ਪੈਲਾਂ |
| ਕੋਇਲ | : | ਤਾਰੀ |
| ਮੋਰ | : | ਗੁਟਕਣਾ |

3. **ਹੇਠ ਲਿਖੇ ਪੰਜਾਬੀ ਸ਼ਬਦਾਂ ਦੇ ਸਮਾਨਾਰਥੀ ਹਿੰਦੀ ਦੇ ਸ਼ਬਦ ਲਿਖੋ-**

| | |
|---|---|
| ਗੁਟਕਦੇ | : |
| ਉੱਲੂ | : |
| ਇੰਤਜ਼ਾਰ | : |
| ਬਤਕ | : |
| ਬੇਮਿਸਾਲ | : |
| ਕੋਇਲ | : |

4. **ਸੋਹਣਾ ਕਰ ਕੇ ਲਿਖੋ: ਪੰਛੀ ਹੁੰਦੇ ਬੇਮਿਸਾਲ, ਰੱਖੋ ਇਹਨਾਂ ਨੂੰ ਸੰਭਾਲ਼**

ਆਪਣੇ ਮਨਪਸੰਦ ਪੰਛੀਆਂ ਦੇ ਚਿੱਤਰ ਆਪਣੀ ਕਾਪੀ ਵਿੱਚ ਚਿਪਕਾਓ।

ਪਾਠ-12

# ਗੁਲਾਬ ਦਾ ਆੜੀ

ਸੁਹੇਲ ਅੱਜ ਆਪਣੇ ਸਕੂਲ ਨਾ ਜਾ ਕੇ ਆਪਣੇ ਪਾਪਾ ਨਾਲ਼ ਜਾਣ ਦੀ ਜ਼ਿਦ ਕਰਨ ਲੱਗਿਆ। ਅੱਗੋਂ ਪਾਪਾ ਨੇ ਉਸ ਦੇ ਸ਼ਰਾਰਤੀ ਹੋਣ ਕਾਰਨ ਸਕੂਲ ਲਿਜਾਣੋਂ ਮਨ੍ਹਾ ਕਰ ਦਿੱਤਾ ਪਰ ਮੰਮੀ ਦੇ ਕਹਿਣ 'ਤੇ ਰਾਜ਼ੀ ਹੋ ਗਏ।

ਸੁਹੇਲ ਬੱਸ 'ਚ ਬੈਠਾ ਆਲ਼ੇ-ਦੁਆਲ਼ੇ ਹਰੇ-ਭਰੇ ਖੇਤਾਂ ਨੂੰ ਦੇਖ ਰਿਹਾ ਸੀ। ਸੜਕਾਂ ਦੇ ਕਿਨਾਰੇ ਪਾਲ਼ੋ-ਪਾਲ਼ ਖੜ੍ਹੇ ਦਰਖ਼ਤ ਉਸ ਨੂੰ ਬੜੇ ਸੋਹਣੇ ਲੱਗ ਰਹੇ ਸਨ।

ਸੁਹੇਲ ਦੇ ਪਾਪਾ ਦਾ ਸਕੂਲ ਪਿੰਡ ਦੇ ਅੱਡੇ ਤੋਂ ਕਰੀਬ ਡੇਢ ਕਿਲੋਮੀਟਰ ਦੂਰ ਸੀ ਅਤੇ ਉੱਥੇ ਕੋਈ ਤਾਂਗਾ-ਰਿਕਸ਼ਾ ਵੀ ਨਹੀਂ ਜਾਂਦਾ ਸੀ ਪਰ ਸੁਹੇਲ ਸਕੂਲ ਦੇਖਣ ਦੇ ਚਾਅ 'ਚ ਮੂਹਰੇ-ਮੂਹਰੇ ਭੱਜਿਆ ਜਾ ਰਿਹਾ ਸੀ।

"ਸੁਹੇਲ ! ਹੌਲ਼ੀ ਚੱਲ ਬੇਟਾ ! ਅੜਕ ਕੇ ਡਿਗ ਜਾਵੇਂਗਾ।" ਸੁਹੇਲ ਦੇ ਪਾਪਾ ਨੇ ਉਸ ਨੂੰ ਹੌਲ਼ੀ ਤੁਰਨ ਲਈ ਕਿਹਾ।

"ਨਹੀਂ , ਪਾਪਾ ! ਮੈਂ ਡਿਗਦਾ ਨਹੀਂ। ਆਹਾ ! ਪਾਪਾ! ਕਿੰਨੀਆਂ ਸੋਹਣੀਆਂ ਮੱਛੀਆਂ !" ਸੁਹੇਲ ਨੇ ਟੋਭੇ ਵਿਚਲੀਆਂ ਮੱਛੀਆਂ ਦੇਖ ਕੇ ਕਿਹਾ।

"ਹਾਂ, ਬਹੁਤ ਸਾਰੀਆਂ ਨੇ। ਇਹ ਟੋਭੇ 'ਚ ਰਹਿੰਦੀਆਂ ਨੇ।" ਸੁਹੇਲ ਦੇ ਪਾਪਾ ਨੇ ਮੱਛੀਆਂ ਨੂੰ ਬਾਹਰ ਵੱਲ ਝਾਕਦਿਆਂ ਦੇਖ ਕੇ ਕਿਹਾ।

"ਇਹਨਾਂ ਨੂੰ ਠੰਢ ਨਹੀਂ ਲੱਗਦੀ?" ਸੁਹੇਲ ਨੇ ਭੋਲ਼ਾ ਜਿਹਾ ਮੂੰਹ ਬਣਾ ਕੇ ਕਿਹਾ,

"ਨਹੀਂ, ਪਾਣੀ ਇਹਨਾਂ ਦਾ ਘਰ ਹੈ।" ਪਾਪਾ ਨੇ ਸੁਹੇਲ ਦੀ ਗੱਲ 'ਤੇ ਮੁਸਕਰਾਉਂਦਿਆਂ ਕਿਹਾ।

ਇੰਞ ਗੱਲਾਂ ਕਰਦਿਆਂ ਸਕੂਲ ਆ ਗਿਆ।

ਸੁਹੇਲ ਵੱਡੇ ਸਾਰੇ ਸਕੂਲ ਨੂੰ ਦੇਖ ਕੇ ਹੈਰਾਨ ਹੋ ਗਿਆ। ਭਾਵੇਂ ਸਕੂਲ ਵਿੱਚ ਝੂਲੇ ਵਗ਼ੈਰਾ ਤਾਂ ਨਹੀਂ ਸਨ ਪਰ ਬਿਰਖ ਬਹੁਤ ਜ਼ਿਆਦਾ ਸਨ। ਬਿਰਖਾਂ 'ਤੇ ਬੈਠੇ ਤਰ੍ਹਾਂ-ਤਰ੍ਹਾਂ ਦੇ ਪੰਛੀਆਂ ਦੀਆਂ ਅਵਾਜ਼ਾਂ ਸੁਣ ਕੇ ਉਹ ਆਪਣੇ ਪਾਪਾ ਕੋਲ਼ ਬੈਠਣ ਦੀ ਬਜਾਏ ਬਿਰਖਾਂ ਦੇ ਕੋਲ਼ ਆ ਗਿਆ। ਹਵਾ ਚੱਲਣ ਦੇ ਨਾਲ਼ ਬਿਰਖਾਂ ਦੇ ਪੱਤੇ ਇੰਞ ਛਣਕਦੇ, ਜਿਵੇਂ ਛੈਣੇ ਵੱਜ ਰਹੇ ਹੋਣ। ਕੋਈ-ਕੋਈ ਪੱਤਾ ਦਰਖ਼ਤ ਤੋਂ ਟੁੱਟਦਾ ਤਾਂ ਸੁਹੇਲ ਉਸ ਨੂੰ ਬੋਚਣ ਲੱਗਦਾ। ਇੰਞ ਸੁਹੇਲ ਬਿਰਖਾਂ ਦੇ ਪੱਤਿਆਂ ਨਾਲ਼ ਖੇਡਣ ਲੱਗਿਆ। ਬਿਰਖ ਵੀ ਖ਼ੁਸ਼ੀ ਦੇ ਰੌਂ ਵਿੱਚ ਇੱਧਰ-ਉੱਧਰ ਝੂਮਦੇ। ਸੁਹੇਲ ਨੇ ਜੇਬ 'ਚੋਂ ਮੂੰਗਫਲ਼ੀ ਕੱਢੀ ਅਤੇ ਇੱਕ ਪਾਸੇ ਬਹਿ ਕੇ ਖਾਣ ਲੱਗਿਆ। ਇਉਂ ਲੱਗਦਾ ਸੀ, ਜਿਵੇਂ ਉਹ ਥੱਕ ਗਿਆ ਸੀ। ਉਸ ਨੂੰ ਖਾਂਦਿਆਂ ਦੇਖ, ਇੱਕ ਕਾਟੋ ਰੁੱਖ ਤੋਂ ਉੱਤਰੀ ਅਤੇ ਜਿਵੇਂ ਬੋਲੀ ਹੋਵੇ,

"ਮੈਨੂੰ ਵੀ ਦੇ-ਦੇ !"



"ਲੈ, ਤੂੰ ਵੀ ਖਾਹ", ਸੁਹੇਲ ਨੇ ਕਾਟੋ ਅੱਗੇ ਦੋ-ਚਾਰ ਗਿਰੀਆਂ ਸੁੱਟ ਦਿੱਤੀਆਂ।

ਕਾਟੋ ਆਪਣੇ ਨਿੱਕੇ-ਨਿੱਕੇ ਦੰਦਾਂ ਨਾਲ਼ ਗਿਰੀਆਂ ਖਾਣ ਲੱਗੀ। ਸੁਹੇਲ ਇੱਕ ਗਿਰੀ ਆਪਣੇ ਮੂੰਹ 'ਚ ਪਾਉਂਦਾ ਅਤੇ ਦੋ-ਤਿੰਨ ਗਿਰੀਆਂ ਕਾਟੋ ਅੱਗੇ ਸੁੱਟ ਦਿੰਦਾ। ਦੇਖਦੇ-ਦੇਖਦੇ ਕੁਝ ਗੁਟਾਰਾਂ ਵੀ ਉੱਤਰ ਆਈਆਂ। ਉਹ ਵੀ ਗਿਰੀਆਂ ਖਾਣ ਲੱਗੀਆਂ। ਕਾਟੋ ਗੁਟਾਰਾਂ ਮਗਰ ਪੈ ਜਾਂਦੀ ਤਾਂਕਿ ਗੁਟਾਰਾਂ ਉੱਡ ਜਾਣ ਪਰ ਗੁਟਾਰਾਂ ਉੱਡ ਕੇ ਫੇਰ ਉੱਥੇ ਹੀ ਆ ਜਾਂਦੀਆਂ।

"ਨਾ ਕਾਟੋ, ਲੜ ਨਾ। ਇਹਨਾਂ ਨੂੰ ਵੀ ਖਾਣ ਦੇ।" ਸੁਹੇਲ ਨੇ ਹੋਰ ਗਿਰੀਆਂ ਸੁੱਟਦਿਆਂ ਕਿਹਾ।

ਹੁਣ ਸੁਹੇਲ ਦਾ ਥਕੇਵਾਂ ਉੱਡ ਗਿਆ ਸੀ। ਉਹ ਪੰਛੀਆਂ ਨਾਲ਼ ਖੇਡਣ ਲੱਗਿਆ। ਪੰਛੀ ਵੀ ਸੁਹੇਲ ਤੋਂ ਡਰਦੇ ਨਹੀਂ ਸਨ। ਦੇਖਦੇ ਹੀ ਦੇਖਦੇ ਸਾਰੇ ਪੰਛੀ ਉੱਡ ਗਏ। ਸੁਹੇਲ ਦੇ ਆਲ਼ੇ-ਦੁਆਲ਼ੇ ਚੁੱਪ ਫੈਲ ਗਈ। ਸੁਹੇਲ ਨੇ ਦੇਖਿਆ ਕਿ ਇੱਕ ਬਿੱਲੀ ਕੰਧ 'ਤੋਂ ਦੀ ਲੰਘੀ ਜਾ ਰਹੀ ਸੀ। ਪੰਛੀਆਂ ਦੇ ਜਾਣ ਬਾਅਦ ਸੁਹੇਲ ਉਦਾਸ ਹੋ ਗਿਆ।

"ਤੂੰ ਉਦਾਸ ਨਾ ਹੋ, ਨਿੱਕੇ ਦੋਸਤ!" ਇੱਕ ਅਵਾਜ਼ ਆਈ

"ਕੌਣ ਹੈ?" ਸੁਹੇਲ ਨੇ ਇੱਧਰ-ਉੱਧਰ ਦੇਖਦਿਆਂ ਕਿਹਾ।

"ਮੈਂ ਤੇਰੇ ਸਾਮ੍ਹਣੇ ਹੀ ਹਾਂ," ਇੱਕ ਕੁਮਲ਼ਾਏ ਜਿਹੇ ਗੁਲਾਬ ਨੇ ਜਿਵੇਂ ਕਮਜ਼ੋਰ ਜਿਹੀ ਅਵਾਜ਼ 'ਚ ਕਿਹਾ ਹੋਵੇ:

"ਤੂੰ ਬਿਮਾਰ ਹੈਂ?" ਸੁਹੇਲ ਨੇ ਉਸ ਦੇ ਨੇੜੇ ਜਾ ਕੇ ਕਿਹਾ,"ਨਹੀਂ, ਮੈਨੂੰ ਪਿਆਸ ਲੱਗੀ ਹੈ।" ਗੁਲਾਬ ਨੇ ਜਿਵੇਂ ਗਰਦਨ ਇੱਕ ਪਾਸੇ ਜਿਹੇ ਸੁੱਟ ਕੇ ਕਿਹਾ।

"ਹੋਰ ਦੱਸ, ਕੀ ਚਾਹੀਦਾ ਹੈ?" ਸੁਹੇਲ ਭੱਜ ਕੇ ਨਿੱਕੀ ਜਿਹੀ ਗਲਾਸੀ 'ਚ ਨਲ਼ਕੇ ਤੋਂ ਭਰ ਕੇ ਪਾਣੀ ਲਿਆਇਆ।

"ਸ਼ਾਬਾਸ਼!" ਜਿਵੇਂ ਗੁਲਾਬ ਨੂੰ ਮਸਾਂ ਸਾਹ ਆਇਆ ਹੋਵੇ।

"ਤੈਨੂੰ ਬਿਮਾਰ ਹੋਏ ਨੂੰ ਕਿੰਨੇ ਦਿਨ ਹੋ ਗਏ?" ਸੁਹੇਲ ਨੇ ਗੁਲਾਬ 'ਤੇ ਪਾਣੀ ਛਿੜਕਦਿਆਂ ਕਿਹਾ।

"ਆਹੀ, ਕੋਈ ਦੋ-ਤਿੰਨ ਦਿਨ ਹੋਏ ਨੇ।" ਗੁਲਾਬ ਨੇ ਕਮਜ਼ੋਰ ਜਿਹੀ ਅਵਾਜ਼ 'ਚ ਕਿਹਾ।

"ਤੈਨੂੰ ਨਾਲ਼ ਦੇ ਸਾਥੀ ਜਾਂ ਕਿਸੇ ਹੋਰ ਨੇ ਪਾਣੀ ਨਹੀਂ ਪਿਆਇਆ?" ਸੁਹੇਲ ਨੇ ਹਮਦਰਦੀ ਨਾਲ਼ ਪੁੱਛਿਆ।

"ਜਦੋਂ ਮੈਂ ਖਿੜਿਆ ਸੀ, ਸਭ ਲਈ ਮਨਭਾਉਂਦਾ ਸੀ। ਹੁਣ ਮੈਂ ਥੋੜ੍ਹਾ ਮੁਰਝਾ ਗਿਆ ਹਾਂ ਤਾਂ..........।" ਗੱਲ ਕਰਦੇ-ਕਰਦੇ ਗੁਲਾਬ ਦਾ ਮਨ ਭਰ ਆਇਆ।

"ਤੂੰ ਚਿੰਤਾ ਨਾ ਕਰ, ਮੈਂ ਹੋਰ ਪਾਣੀ ਲੈ ਕੇ ਆਉਂਦਾ ਹਾਂ।"

ਸੁਹੇਲ ਫਿਰ ਗਲਾਸੀ ਚੁੱਕ ਕੇ ਨਲ਼ਕੇ ਵੱਲ ਤੁਰ ਪਿਆ।

"ਸੁਹੇਲ! ਰੋਟੀ ਖਾ ਲੈ, ਬੇਟਾ!" ਪਾਪਾ ਨੇ ਸੁਹੇਲ ਨੂੰ ਦੇਖ ਕੇ ਅਵਾਜ਼ ਦਿੱਤੀ।

"ਨਹੀਂ ਪਾਪਾ, ਮੈਨੂੰ ਭੁੱਖ ਨਹੀਂ।" ਸੁਹੇਲ ਪਾਪਾ ਵੱਲ ਬਿਨਾਂ ਦੇਖੇ ਗੁਲਾਬ ਵੱਲ ਤੁਰ ਪਿਆ।

"ਆਹ ਪਾਣੀ ਕਿਸ ਨੂੰ ਦੇਣ ਚੱਲਿਆਂ? ਤੇਰੇ ਦੂਜੇ ਹੱਥ 'ਚ ਕੀ ਹੈ?" ਸੁਹੇਲ ਦੇ ਪਾਪਾ ਨੇ ਨੇੜੇ ਆਉਂਦਿਆ ਕਿਹਾ।

"ਜਿਹੜਾ ਤੁਸੀਂ ਘਰ ਬੂਟਿਆਂ 'ਚ ਪਾਉਂਦੇ ਹੁੰਦੇ ਹੋ।" ਸੁਹੇਲ ਨੂੰ ਰੇਹ ਦਾ ਨਾਂ ਨਹੀਂ ਸੀ ਪਤਾ।

"ਅੱਛਾ! ਤੂੰ ਪੌਦਿਆਂ ਨੂੰ ਖਾਦ ਪਾਉਣ ਚੱਲਿਆਂ?"

ਪਾਪਾ ਨੇ ਸੁਹੇਲ ਦੇ ਹੱਥ ਸੁੱਕੇ ਗੋਹੇ ਨਾਲ਼ ਲਿੱਬੜੇ ਦੇਖ ਕੇ ਕਿਹਾ।

"ਤੂੰ ਇਹ ਚੰਗਾ ਕੰਮ ਕੀਤਾ ਐ।" ਸੁਹੇਲ ਨੂੰ ਗੁਲਾਬ ਦੀਆਂ ਜੜ੍ਹਾਂ 'ਚ ਰੇਹ ਪਾਉਂਦਿਆਂ ਦੇਖ, ਕਾਟੋ ਨੇ ਕਿਹਾ।

"ਹਾਂ-ਹਾਂ, ਇਹ ਭਲਾ ਕੰਮ ਹੈ," ਨਾਲ ਦੇ ਫੁੱਲਾਂ 'ਤੇ ਮੰਡਲਾ ਰਹੀਆਂ ਤਿਤਲੀਆਂ ਨੇ ਵੀ ਹਾਮੀ ਭਰੀ। ਗੁਟਾਰਾਂ ਵੀ ਸੁਹੇਲ ਨਾਲ਼ ਖੇਡਣ ਆ ਗਈਆਂ। ਸੁਹੇਲ ਇਹਨਾਂ ਸਾਰਿਆਂ ਨਾਲ਼ ਖੇਡਣ 'ਚ ਰੁੱਝ ਗਿਆ। ਅੱਜ ਉਹਨੂੰ ਭੁੱਖ-ਪਿਆਸ ਨਹੀਂ ਲੱਗ ਰਹੀ ਸੀ। ਪਤਾ ਹੀ ਨਹੀਂ ਲੱਗਿਆ ਕਦੋਂ ਦੋ- ਤਿੰਨ ਘੰਟੇ ਬੀਤ ਗਏ।

"ਆਹਾ! ਗੁਲਾਬ ਖਿੜ ਗਿਆ," ਤਿਤਲੀ ਗੁਲਾਬ 'ਤੇ ਮੰਡਲਾਉਂਦੀ ਤਾੜੀਆਂ ਵਜਾ ਰਹੀ ਸੀ।

ਸੁਹੇਲ ਸਮੇਤ ਸਾਰੇ ਉੱਥੇ ਪਹੁੰਚ ਗਏ। ਗੁਲਾਬ ਫੇਰ ਆਪਣੇ ਖੇੜੇ 'ਤੇ ਸੀ। ਹਰ ਪਾਸੇ ਖ਼ੁਸ਼ਬੋਆਂ ਫੈਲਾ ਰਿਹਾ ਸੀ। ਇੱਕ ਕਾਲ਼ਾ ਜਿਹਾ ਭੂੰਡ ਉਸ 'ਤੇ ਆ ਕੇ ਬੈਠ ਗਿਆ।

"ਉਰੇ ਆ, ਸੁਹੇਲ! ਤੂੰ ਮੇਰਾ ਸੱਚਾ ਆੜੀ ਹੈਂ।" ਗੁਲਾਬ ਨੇ ਭਰੇ ਮਨ ਨਾਲ਼ ਕਿਹਾ।

"ਹਾਂ-ਹਾਂ, ਤੂੰ ਵੀ ਮੇਰਾ ਆੜੀ ਹੈਂ," ਸੁਹੇਲ ਨੇ ਗੁਲਾਬ 'ਤੇ ਨਿੱਕੇ-ਨਿੱਕੇ ਹੱਥ ਫੇਰਦਿਆਂ ਕਿਹਾ।

"ਜਿਊਂਦਾ ਰਹਿ, ਸੁਹੇਲ! ਤੂੰ ਸਾਡੇ ਸਾਥੀ ਪੌਦੇ ਦੀ ਜਾਨ ਬਚਾਈ ਹੈ," ਬਿਰਖਾਂ-ਬੂਟਿਆਂ ਦੀ ਰਲ਼ਵੀਂ ਅਵਾਜ਼

ਆਈ।

ਛੁੱਟੀ ਦੀ ਘੰਟੀ ਵੱਜ ਗਈ। ਸੁਹੇਲ ਮੁੜ-ਮੁੜ ਕੇ ਗੁਲਾਬ ਵੱਲ ਦੇਖ ਰਿਹਾ ਸੀ, ਜਿਵੇਂ ਕਹਿ ਰਿਹਾ ਹੋਵੇ, "ਮੈਂ ਫੇਰ ਆਊਂਗਾ.......!"

**ਔਖੇ ਸ਼ਬਦਾਂ ਦੇ ਅਰਥ:**

| | | |
|---|---|---|
| ਪਾਲੋ-ਪਾਲ਼ | : | ਕਤਾਰਾਂ ਵਿੱਚ |
| ਕੁਮਲ਼ਾਏ | : | ਮੁਰਝਾਏ, ਕਮਜ਼ੋਰ ਹੋਏ |
| ਰੌਂ | : | ਲਹਿਰ, ਵਲਵਲਾ, ਵਿਚਾਰ-ਵੇਗ |
| ਖ਼ੁਸ਼ਬੋਆਂ | : | ਸੁਗੰਧੀਆਂ |
| ਮਨ ਭਰ ਆਉਣਾ | : | ਦਿਲ ਉਦਾਸ ਹੋ ਜਾਣਾ |
| ਰੇਹ | : | ਉਹ ਖਾਦ ਜੋ ਪਸ਼ੂਆਂ ਦੇ ਮਲ-ਮੂਤਰ ਤੋਂ ਬਣਦੀ ਹੈ, ਰੂੜੀ ਦੀ ਖਾਦ |
| ਮੰਡਲਾਉਣਾ | : | ਆਲ਼ੇ-ਦੁਆਲ਼ੇ ਘੁੰਮਣਾ, ਚੱਕਰ ਕੱਟਣਾ |
| ਆੜੀ | : | ਸਾਥੀ, ਮਿੱਤਰ, ਦੋਸਤ |

## ਪਾਠ- ਅਭਿਆਸ

1. **ਖ਼ਾਲੀ ਸਥਾਨ ਭਰੋ :-**

ੳ. ਸੁਹੇਲ ਬੱਸ 'ਚ ਬੈਠਾ ਆਲ਼ੇ-ਦੁਆਲ਼ੇ ...........ਨੂੰ ਦੇਖ ਰਿਹਾ ਸੀ।

ਅ. ਉੱਥੇ ਕੋਈ.............ਵੀ ਨਹੀਂ ਜਾਂਦਾ ਸੀ।

ੲ. ਇੱਕ.............ਕੰਧ ਤੋਂ ਦੀ ਲੰਘੀ ਜਾ ਰਹੀ ਸੀ।

ਸ. ਤਿਤਲੀ ਗੁਲਾਬ 'ਤੇ..............ਤਾੜੀਆਂ ਵਜਾ ਰਹੀ ਸੀ।

ਹ. ਤੂੰ ਮੇਰਾ ਸੱਚਾ.............ਹੈਂ।

2. **ਸੰਖੇਪ ਵਿੱਚ ਉੱਤਰ ਦਿਓ:-**

ੳ. ਹਵਾ ਚੱਲਣ ਨਾਲ਼ ਰੁੱਖਾਂ ਦੇ ਪੱਤੇ ਕਿਵੇਂ ਛਣਕ ਰਹੇ ਸਨ?

ਅ. ਸੁਹੇਲ ਨੇ ਮੂੰਗਫਲ਼ੀ ਦੀਆਂ ਗਿਰੀਆਂ ਕਿਸ-ਕਿਸ ਨੂੰ ਖਾਣ ਲਈ ਦਿੱਤੀਆਂ?

ੲ. ਗੁਲਾਬ ਦਾ ਪੌਦਾ ਕਿੰਨੇ ਦਿਨਾਂ ਤੋਂ ਬਿਮਾਰ ਸੀ?

ਸ. ਸੁਹੇਲ ਨੇ ਗੁਲਾਬ ਦੇ ਪੌਦੇ ਦੀ ਸੇਵਾ ਕਿਵੇਂ ਕੀਤੀ?

ਹ. "ਇਹ ਤੂੰ ਚੰਗਾ ਕੰਮ ਕੀਤਾ ਹੈ," ਸੁਹੇਲ ਨੂੰ ਇਹ ਸ਼ਬਦ ਕਿਸ ਨੇ ਆਖੇ?

3. **ਇਸ ਪਾਠ ਵਿੱਚ ਕੁਝ ਸਮਾਸੀ ਸ਼ਬਦ ਆਏ ਹਨ, ਜਿਵੇਂ:-**

ਆਲ਼ੇ-ਦੁਆਲ਼ੇ, ਪਾਲੋ-ਪਾਲ਼, ਤਰ੍ਹਾਂ-ਤਰ੍ਹਾਂ, ਤਾਂਗਾ-ਰਿਕਸ਼ਾ, ਕੋਈ-ਕੋਈ, ਮੂਹਰੇ-ਮੂਹਰੇ, ਇੱਧਰ-ਉੱਧਰ, ਦੋ-ਚਾਰ, ਦੋ-ਤਿੰਨ, ਦੇਖਦੇ-ਦੇਖਦੇ, ਕਰਦੇ-ਕਰਦੇ, ਭੁੱਖ-ਪਿਆਸ, ਬਿਰਖਾਂ-ਬੂਟਿਆਂ

ਇਹਨਾਂ ਸਮਾਸੀ ਸ਼ਬਦਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਵਾਕਾਂ ਵਿੱਚ ਵਰਤੋ।

4. **ਹੇਠ ਲਿਖੇ ਪੰਜਾਬੀ ਸ਼ਬਦਾਂ ਦੇ ਸਮਾਨਾਰਥੀ ਹਿੰਦੀ ਦੇ ਸ਼ਬਦ ਲਿਖੇ ਗਏ ਹਨ। ਦੋਂਹਾਂ ਵਿਚਲੇ ਅੰਤਰ ਨੂੰ ਸਮਝੋ:**

ਦਰਖ਼ਤ – वृक्ष

ਮੱਛੀਆਂ – मछलियां

ਕਾਟੋ – गिलहरी

ਬਿੱਲੀ – बिल्ली

ਗੁਲਾਬ – गुलाब

ਖ਼ੁਸ਼ਬੋ – सुगंधि

5. **ਹੇਠਾਂ ਇੱਕ ਹੀ ਅਰਥ ਲਈ ਪੰਜਾਬੀ ਅਤੇ ਹਿੰਦੀ ਵਿੱਚ ਭਿੰਨ-ਭਿੰਨ ਸ਼ਬਦ ਲਿਖੇ ਗਏ ਹਨ। ਇਹਨਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਗੁਰਮੁਖੀ ਵਿੱਚ ਲਿਖੇ ਸ਼ਬਦਾਂ ਨੂੰ ਲਿਖਣ ਦਾ ਅਭਿਆਸ ਕਰੋ:**

ਹੌਲ਼ੀ – धीरे

ਆੜੀ – मित्र

ਕਰੀਬ – लगभग

ਕੋਲ਼ – पास

ਆਪਣੇ ਘਰ ਅਤੇ ਸਕੂਲ ਵਿੱਚ ਲੱਗੇ ਪੌਦਿਆਂ ਨੂੰ ਧਿਆਨ ਨਾਲ਼ ਵੇਖੋ। ਉਹਨਾਂ ਦੀ ਸਾਂਭ-ਸੰਭਾਲ਼ ਵਿੱਚ ਆਪਣਾ ਯੋਗਦਾਨ ਪਾਓ।

ਪਾਠ-13

# ਮੈਂ ਸੋਹਣਾ-ਸੋਹਣਾ ਲਿਖਾਂਗੀ




ਨਿੰਮੀ ਆਪਣੇ ਘਰ ਮਾਤਾ ਜੀ ਕੋਲ਼ ਬੈਠੀ ਸਕੂਲ ਤੋਂ ਮਿਲ਼ਿਆ ਕੰਮ ਕਰ ਰਹੀ ਸੀ। ਉਸ ਨੇ ਪੰਜਾਬੀ ਵਿੱਚ ਇੱਕ ਲੇਖ ਅਤੇ ਇੱਕ ਚਿੱਠੀ ਲਿਖਣੀ ਸੀ।

"ਨਿੰਮੀਏ ! ਨੀ ਨਿੰਮੀਏ ! ਆ ਗੀਟੇ ਖੇਡੀਏ," ਇਹ ਨਿੰਮੀ ਦੀ ਸਹੇਲੀ ਪੰਮੀ ਦੀ ਅਵਾਜ਼ ਸੀ।

"ਮੈਂ ਆਈ ਹੁਣੇ, ਦੋ ਮਿੰਟ ਵਿੱਚ ਆਈ," ਨਿੰਮੀ ਨੇ ਉੱਤਰ ਦਿੱਤਾ। ਇਹ ਕਹਿ ਕੇ ਨਿੰਮੀ ਤੇਜ਼-ਤੇਜ਼ ਲਿਖਣ ਲੱਗ ਪਈ।

"ਨਿੰਮੀ ! ਏਨੀ ਕਾਹਲ਼ੀ-ਕਾਹਲ਼ੀ ਨਾ ਲਿਖ। ਪਹਿਲਾਂ ਹੀ ਤੇਰੀ ਲਿਖਾਈ ਔਖੀ ਪੜ੍ਹੀ ਜਾਂਦੀ ਹੈ। ਨਾਲ਼ੇ ਠੀਕ ਤਰ੍ਹਾਂ ਬੈਠ ਕੇ ਲਿਖ," ਮਾਤਾ ਜੀ ਨੇ ਕਿਹਾ।

"ਮਾਤਾ ਜੀ ! ਕੋਈ ਫ਼ਰਕ ਨਹੀਂ ਪੈਂਦਾ। ਮੈਂ ਛੇਤੀ ਕੰਮ ਮੁਕਾ ਕੇ ਖੇਡਣ ਜਾਣਾ ਹੈ", ਨਿੰਮੀ ਬੋਲੀ।

"ਵੇਖ ਬੇਟੀ ! ਪਹਿਲਾਂ ਸਕੂਲ ਦਾ ਕੰਮ ਮੁਕਾ ਲੈ। ਪੰਮੀ ਨਾਲ਼ ਫੇਰ ਖੇਡ ਲਈਂ। ਨਾਲ਼ੇ ਅਜੇ ਬਾਹਰ ਧੁੱਪ ਹੈ। ਹੁਣ ਨਿਚੱਲੀ ਹੋ ਕੇ ਲਿਖ।"

ਮਾਤਾ ਜੀ ਨੇ ਪੰਮੀ ਨੂੰਵੀ ਬੁਲਾ ਕੇ ਕਿਹਾ,"ਪੁੱਤਰ! ਤੂੰ ਇੱਕ ਘੰਟੇ ਤੱਕ ਆਵੀਂ, ਫਿਰ ਦੋਵੇਂ ਮਿਲ਼ ਕੇ ਖੇਡਿਓ।"

"ਚੰਗਾ, ਆਂਟੀ ਜੀ," ਇਹ ਕਹਿ ਕੇ ਪੰਮੀ ਚਲੀ ਗਈ।

"ਮੰਮੀ ਜੀ ! ਮੇਰੀ ਲਿਖਾਈ ਗੰਦੀ ਹੈ? ਐਨੀ ਤਾਂ ਸੋਹਣੀ ਐ !" ਨਿੰਮੀ ਨੇ ਕਿਹਾ।

"ਨਿੰਮੀ ਬੇਟੀ ! ਜਿਹੜੀ ਲਿਖਾਈ ਸੁਖਾਲ਼ੀ ਪੜ੍ਹੀ ਜਾ ਸਕੇ, ਉਹ ਸੋਹਣੀ ਹੁੰਦੀ ਹੈ। ਤੇਰਾ ਲਿਖਿਆ ਮੈਨੂੰ ਔਖਿਆਂ ਹੋ ਕੇ ਪੜ੍ਹਨਾ ਪੈਂਦਾ ਹੈ।"

"ਹੁਣ ਤੂੰ ਹੀ ਦੱਸ, ਇਹ ਲਿਖਾਈ ਕਿਹੋ-ਜਿਹੀ ਹੈ?" ਮਾਤਾ ਜੀ ਨੇ ਉੱਤਰ ਦਿੱਤਾ।

"ਚਲੋ, ਪੜ੍ਹੀ ਤਾਂ ਜਾਂਦੀ ਹੈ ਭਾਵੇਂ ਔਖੀ, ਭਾਵੇਂ ਸੌਖੀ। ਹੋਰ ਦੱਸੋ, ਕੀ ਫ਼ਾਇਦਾ ਹੈ, ਸੋਹਣੀ ਲਿਖਾਈ ਦਾ?" ਨਿੰਮੀ ਨੇ ਕਿਹਾ।

"ਨਿੰਮੀ ਪੁੱਤਰ! ਤੂੰ ਗੱਲ ਨੂੰ ਚੰਗੀ ਤਰ੍ਹਾਂ ਸਮਝ ਲੈ, ਜੇ ਲਿਖਿਆ ਹੋਇਆ ਅਸਾਨੀ ਨਾਲ਼ ਤੇ ਠੀਕ-ਠੀਕ ਪੜ੍ਹਿਆ ਜਾ ਸਕੇ ਤਾਂ ਪੜ੍ਹਨ ਵਾਲ਼ੇ ਨੂੰ ਖ਼ੁਸ਼ੀ ਹੁੰਦੀ ਹੈ, ਨਾਲ਼ੇ ਸੋਹਣਾ ਲਿਖਿਆ ਅੱਖਾਂ ਨੂੰ ਚੰਗਾ ਲੱਗਦਾ ਹੈ, ਜਿਵੇਂ ਸਾਫ਼-ਸੁਥਰੇ ਕੱਪੜੇ ਪਾਏ ਹੋਣ ਤਾਂ ਵੇਖਣ ਵਾਲ਼ੇ ਨੂੰ ਖ਼ੁਸ਼ੀ ਮਿਲ਼ਦੀ ਹੈ। ਸੋਹਣੀ ਲਿਖਾਈ ਵੀ ਇਵੇਂ ਹੀ ਖ਼ੁਸ਼ੀ ਦਿੰਦੀ ਹੈ। ਹੋਰ ਵੀ ਜਦ ਕੋਈ ਸੋਹਣਾ-ਸੋਹਣਾ ਕਰ ਕੇ ਲਿਖਦਾ ਹੈ ਤਾਂ ਉਸ ਨੂੰ ਵੀ ਖ਼ੁਸ਼ੀ ਮਿਲ਼ਦੀ ਹੈ," ਮਾਤਾ ਜੀ ਨੇ ਦੱਸਿਆ। ਉਹਨਾਂ ਨੇ ਹੋਰ ਕਿਹਾ," ਸੋਹਣੀ ਲਿਖਾਈ ਦੇ ਕਈ ਲਾਭ ਹਨ। ਹੁਣ ਚਿੱਠੀ ਉੱਤੇ ਪਤਾ ਲਿਖਣਾ ਸਧਾਰਨ ਜਿਹੀ ਗੱਲ ਹੈ। ਤਾਂ ਵੀ ਕਿੰਨੀਆਂ ਹੀ ਜ਼ਰੂਰੀ ਚਿੱਠੀਆਂ ਭੈੜੀ ਲਿਖਾਈ ਕਾਰਨ ਆਪਣੇ ਟਿਕਾਣੇ 'ਤੇ ਨਹੀਂ ਪਹੁੰਚਦੀਆਂ। ਡਾਕੀਆ ਭਲਾ ਕੀ ਕਰੇ, ਜਦੋਂ ਪਤਾ ਠੀਕ ਤਰ੍ਹਾਂ ਪੜ੍ਹਿਆ ਹੀ ਨਹੀਂ ਜਾਂਦਾ।

"ਮੰਮੀ ਜੀ ! ਮੈਨੂੰ ਤੁਹਾਡੀਆਂ ਗੱਲਾਂ ਸਮਝ ਨਹੀਂ ਆਉਂਦੀਆਂ। ਮੈਂ ਤਾਂ ਅਜੇ ਪੜ੍ਹਦੀ ਹਾਂ। ਬੱਸ, ਸਕੂਲ ਤੋਂ ਕੰਮ ਮਿਲ਼ਿਆ ਹੈ, ਉਹ ਛੇਤੀ-ਛੇਤੀ ਪੂਰਾ ਕਰਨਾ ਹੈ।"

"ਲੈ ਨਿੰਮੀ, ਤੂੰ ਪੜ੍ਹਾਈ ਦੀ ਗੱਲ ਕੀਤੀ ਤਾਂ ਮੈਨੂੰ ਇੱਕ ਗੱਲ ਯਾਦ ਆ ਗਈ। ਮੈਂ ਜਦੋਂ ਚੌਥੀ ਵਿੱਚ ਸਾਂ, ਪਵਿੱਤਰ ਨਾਂ ਦੀ ਇੱਕ ਕੁੜੀ ਮੇਰੇ ਨਾਲ਼ ਪੜ੍ਹਦੀ ਸੀ। ਉਹ ਮੇਰੀ ਸਹੇਲੀ ਵੀ ਸੀ। ਉਹ ਪੜ੍ਹਾਈ ਵਿੱਚ ਹੁਸ਼ਿਆਰ ਸੀ ਪਰ ਉਸ ਦੀ ਲਿਖਾਈ ਸੋਹਣੀ ਨਹੀਂ ਸੀ। ਮਾਸਟਰ ਜੀ ਕਹਿੰਦੇ ਹੁੰਦੇ ਸਨ, 'ਬੇਸ਼ੱਕ ਪਵਿੱਤਰ ਠੀਕ ਉੱਤਰ ਲਿਖਦੀ ਹੈ ਪਰ ਮੈਨੂੰ ਉਸ ਦੀ ਲਿਖਾਈ ਦੇਖ ਕੇ ਖਿਝ ਆ ਜਾਂਦੀ ਹੈ।"

ਮਾਤਾ ਜੀ ਅਜੇ ਗੱਲ ਕਰ ਹੀ ਰਹੇ ਸਨ ਕਿ ਨਿੰਮੀ ਵਿੱਚੋਂ ਹੀ ਬੋਲ ਪਈ, "ਮੰਮੀ ਜੀ, ਤੁਹਾਡੀ ਲਿਖਾਈ ਕਿਹੋ-ਜਿਹੀ ਹੈ?"

"ਮੈਂ ਇਹੀ ਤਾਂ ਦੱਸਣ ਲੱਗੀ ਹਾਂ ਕਿ ਮੇਰੀ ਲਿਖਾਈ ਪਹਿਲਾਂ ਤਾਂ ਏਨੀ ਸੋਹਣੀ ਨਹੀਂ ਸੀ। ਫਿਰ ਪਿਤਾ ਜੀ ਨੇ ਮੈਨੂੰ ਸੋਹਣਾ ਲਿਖਣ ਦਾ ਢੰਗ ਦੱਸਿਆ। ਹੌਲ਼ੀ-ਹੌਲ਼ੀ ਮੇਰੀ ਲਿਖਾਈ ਵੀ ਸੋਹਣੀ ਹੋ ਗਈ।"

"ਇਹ ਤਾਂ ਬਹੁਤ ਸੁਖਾਲ਼ੀ ਗੱਲ ਹੈ। ਇੱਕ ਤਾਂ ਅਰਾਮ ਨਾਲ਼ ਬੈਠ ਕੇ ਲਿਖੋ। ਦੂਜਾ, ਕਲਮ ਜਾਂ ਪੈੱਨ ਅਜਿਹਾ ਵਰਤੋ ਜਿਸ ਨਾਲ਼ ਠੀਕ ਤਰ੍ਹਾਂ ਲਿਖਿਆ ਜਾ ਸਕੇ। ਤੀਜਾ, ਹਰ ਅੱਖਰ ਦੀ ਬਣਾਵਟ ਵੱਲ ਧਿਆਨ ਦਿੱਤਾ ਜਾਵੇ

ਤਾਂਜੋ ਸਾਰੇ ਅੱਖਰ ਸਪਸ਼ਟ ਪਛਾਣੇ ਜਾ ਸਕਣ। ਸਿਹਾਰੀ, ਬਿਹਾਰੀ, ਕੰਨਾ ਆਦਿ ਲਗਾਂ ਨੂੰ ਠੀਕ ਤਰ੍ਹਾਂ ਅਤੇ ਠੀਕ ਥਾਂ 'ਤੇ ਪਾਇਆ ਜਾਵੇ," ਮਾਤਾ ਜੀ ਨੇ ਦੱਸਿਆ। "ਹੋਰ ਦੱਸੋ, ਮੰਮੀ ਜੀ!" ਨਿੰਮੀ ਬੋਲੀ।

"ਪੰਜਾਬੀ ਨੂੰ ਗੁਰਮੁਖੀ ਅੱਖਰਾਂ ਵਿੱਚ ਲਿਖਿਆ ਜਾਂਦਾ ਹੈ। ਇਹ ਸਾਰੇ ਅੱਖਰ ਇੱਕੋ-ਜਿੰਨੀ ਥਾਂ ਘੇਰਦੇ ਹਨ, ਬੱਸ ਊੜੇ ਨੂੰ ਛੱਡ ਕੇ। ਸੋ ਸਾਰੇ ਅੱਖਰ ਇੱਕੋ-ਜਿੱਡੇ ਪਾਏ ਜਾਣ। ਅੱਖਰਾਂ ਦੇ ਵਿਚਕਾਰਲੀ ਵਿੱਥ ਬਰਾਬਰ ਹੋਵੇ। ਸ਼ਬਦਾਂ ਦੇ ਵਿਚਕਾਰਲੀ ਵਿੱਥ ਵੀ ਇੱਕੋ-ਜਿੰਨੀ ਹੋਵੇ। ਲੋੜ ਅਨੁਸਾਰ ਪੈਰੇ ਬਣਾਏ ਜਾਣ। ਖੱਬੇ ਪਾਸੇ ਹਾਸ਼ੀਆ ਛੱਡਿਆ ਜਾਵੇ। ਇਸ ਤਰ੍ਹਾਂ ਲਿਖਾਈ ਸੋਹਣੀ ਬਣ ਜਾਂਦੀ ਹੈ", ਮਾਤਾ ਜੀ ਨੇ ਕਿਹਾ।

"ਮੰਮੀ ਜੀ! ਤੁਹਾਡੀ ਸਹੇਲੀ ਵਾਲ਼ੀ ਗੱਲ ਤਾਂ ਵਿੱਚੇ ਰਹਿ ਗਈ," ਨਿੰਮੀ ਨੇ ਯਾਦ ਕਰਵਾਇਆ।

"ਲੈ, ਮੈਂ ਤਾਂ ਭੁੱਲ ਹੀ ਗਈ ਸਾਂ। ਮੈਂ ਤੇ ਪਵਿੱਤਰ ਇੱਕੋ-ਜਿੰਨੀਆਂ ਮਿਹਨਤੀ ਤੇ ਹੁਸ਼ਿਆਰ ਸਾਂ। ਪਰ ਨੰਬਰ ਮੇਰੇ ਵੱਧ ਆਉਂਦੇ ਸਨ," ਮਾਤਾ ਜੀ ਨੇ ਦੱਸਿਆ।

"ਉਹ ਕਿਉਂ?" ਨਿੰਮੀ ਵਿੱਚੋਂ ਹੀ ਬੋਲ ਪਈ।

"ਸੋਹਣੀ ਲਿਖਾਈ ਕਰਕੇ" ਮਾਸਟਰ ਜੀ ਕਹਿੰਦੇ ਸਨ, ਤੁਸੀਂ ਦੋਵੇਂ ਇੱਕੋ-ਜਿਹਾ ਲਿਖਦੀਆਂ ਹੋ। ਪਰ ਸੋਹਣੀ ਲਿਖਾਈ ਵਾਲ਼ੇ ਪਰਚੇ ਨੂੰ ਪੜ੍ਹ ਕੇ ਮਨ ਪ੍ਰਸੰਨ ਹੋ ਜਾਂਦਾ ਹੈ। ਫਿਰ ਜੀਅ ਕਰਦਾ ਹੈ ਕਿ ਉਸ ਨੂੰ ਵੱਧ ਤੋਂ ਵੱਧ ਨੰਬਰ ਦਿੱਤੇ ਜਾਣ। ਕਿਸੇ ਲਿਖਾਈ ਨੂੰ ਪੜ੍ਹਦਿਆਂ ਖਿਝ ਆ ਜਾਂਦੀ ਹੈ। ਇਸ ਕਾਰਨ ਨੰਬਰ ਦੇਣ ਲੱਗਿਆਂ ਫ਼ਰਕ ਰਹਿ ਜਾਂਦਾ ਹੈ," ਮਾਤਾ ਜੀ ਨੇ ਗੱਲ ਖ਼ਤਮ ਕੀਤੀ। "ਫਿਰ ਤਾਂ ਮੰਮੀ ਜੀ, ਮੈਂ ਵੀ ਸੋਹਣਾ-ਸੋਹਣਾ ਲਿਖਿਆ ਕਰਾਂਗੀ," ਖ਼ੁਸ਼ ਹੋਈ ਨਿੰਮੀ ਨੇ ਕਿਹਾ।

**ਔਖੇ ਸ਼ਬਦਾਂ ਦੇ ਅਰਥ:**

| | | |
|---|---|---|
| ਕਾਹਲ਼ੀ-ਕਾਹਲ਼ੀ | - | ਛੇਤੀ-ਛੇਤੀ, ਜਲਦੀ ਨਾਲ਼ |
| ਟਿਕਾਣਾ | - | ਕਿਸੇ ਚੀਜ਼ ਨੂੰ ਰੱਖਣ ਜਾਂ ਟਿਕਾਉਣ ਦੀ ਥਾਂ |
| ਬਣਾਵਟ | - | ਬਣਤਰ |
| ਹਾਸ਼ੀਆ | - | ਕਾਗ਼ਜ਼ ਦੇ ਇੱਕ ਜਾਂ ਦੋਂਹੀਂ ਪਾਸੀਂ ਖ਼ਾਲੀ ਛੱਡੀ ਥਾਂ |
| ਨਿਚੱਲੀ | - | ਅਚੱਲ, ਸ਼ਾਂਤ, ਅਡੋਲ |
| ਖਿਝ | - | ਚਿੜ, ਗ਼ੁੱਸਾ, ਦੁਖੀ ਹੋਣਾ |
| ਵਿੱਥ | - | ਫ਼ਾਸਲਾ, ਦੂਰੀ, ਫ਼ਰਕ |
| ਕੋਝੀ | - | ਭੱਦੀ, ਭੈੜੀ |

## ਪਾਠ-ਅਭਿਆਸ

**1. ਖ਼ਾਲੀ ਸਥਾਨ ਭਰੋ-**

ੳ. ਜਿਹੜੀ ਲਿਖਾਈ ਸੁਖਾਲ਼ੀ ਪੜ੍ਹੀ ਜਾ ਸਕੇ, ਉਹ .............ਹੁੰਦੀ ਹੈ।

ਅ. .............ਦੇ ਕਈ ਲਾਭ ਹਨ।

ੲ. ਹਰ ਅੱਖਰ ਦੀ......................ਵੱਲ ਧਿਆਨ ਦਿੱਤਾ ਜਾਵੇ।

ਸ. ਪੰਜਾਬੀ ਨੂੰ...........ਅੱਖਰਾਂ ਵਿੱਚ ਲਿਖਿਆ ਜਾਂਦਾ ਹੈ।

ਹ. ਸ਼ਬਦਾਂ ਵਿਚਕਾਰਲੀ............ਇੱਕੋ-ਜਿੰਨੀ ਹੋਵੇ।

2. **ਸੰਖੇਪ ਵਿੱਚ ਉੱਤਰ ਦਿਓ-**

ੳ. ਨਿੰਮੀ ਨੂੰ ਗੀਟੇ ਖੇਡਣ ਲਈ ਕਿਸ ਨੇ ਬੁਲਾਇਆ ਸੀ?

ਅ. ਨਿੰਮੀ ਕਾਹਲ਼ੀ-ਕਾਹਲ਼ੀ ਕਿਉਂ ਲਿਖ ਰਹੀ ਸੀ?

ੲ. ਕਈ ਵਾਰ ਜ਼ਰੂਰੀ ਚਿੱਠੀਆਂ ਆਪਣੇ ਟਿਕਾਣੇ 'ਤੇ ਕਿਉਂ ਨਹੀਂ ਪਹੁੰਚਦੀਆਂ?

ਸ. ਨਿੰਮੀ ਨੂੰ ਸੋਹਣਾ ਲਿਖਣ ਦੇ ਗੁਰ ਕਿਸ ਨੇ ਦੱਸੇ?

ਹ. ਕਿਹੋ-ਜਿਹੀ ਲਿਖਾਈ ਲਿਖਣ ਵਾਲ਼ੇ ਨੂੰ ਵੱਧ ਅੰਕ ਮਿਲ਼ਦੇ ਹਨ?

3. **ਹੇਠ ਲਿਖੇ ਗੁਰਮੁਖੀ ਅਤੇ ਦੇਵਨਾਗਰੀ ਵਿੱਚ ਦਿੱਤੇ ਸ਼ਬਦ-ਜੋੜਾਂ ਦੇ ਅੰਤਰ ਨੂੰ ਸਮਝੋ ਅਤੇ ਗੁਰਮੁਖੀ ਵਿੱਚ ਲਿਖੇ ਸ਼ਬਦਾਂ ਨੂੰ ਲਿਖਣ ਦਾ ਅਭਿਆਸ ਕਰੋ-**

| | | |
|---|---|---|
| ਚਿੱਠੀ | - | चिट्ठी |
| ਉੱਤਰ | - | उत्तर |
| ਤੇਰੀ | - | तुम्हारी |
| ਫੇਰ | - | फिर |
| ਅੱਖਾਂ ਨੂੰ | - | आंखों को |
| ਸੋਹਣਾ | - | सुन्दर |
| ਠੀਕ ਤਰ੍ਹਾਂ | - | ठीक तरह |
| ਦੋਵੇਂ | - | दोनों |

4. **ਹੇਠਾਂ ਦਿੱਤੇ ਗਏ ਵਾਕ ਨੂੰ ਪੰਜਾਬੀ ਵਿੱਚ ਲਿਖੋ-**

जब पत्र पर पता ही ठीक तरह नहीं लिखा होता तो पत्र पहुंचे कैसे ?

5. **ਇਸ ਪਾਠ ਵਿੱਚ ਹੇਠ ਲਿਖੇ ਲਕੀਰੇ ਸ਼ਬਦਾਂ ਨੂੰ ਵੇਖੋ-**

1. ਨਿੰਮੀ <u>ਤੇਜ਼-ਤੇਜ਼</u> ਲਿਖਣ ਲੱਗ ਪਈ।
2. ਏਨੀ <u>ਕਾਹਲ਼ੀ-ਕਾਹਲ਼ੀ</u> ਨਾ ਲਿਖ।
3. ਸਕੂਲ ਤੋਂ ਮਿਲ਼ਿਆ ਕੰਮ <u>ਛੇਤੀ-ਛੇਤੀ</u> ਕਰਨਾ ਹੈ।

ਇਹਨਾਂ ਵਾਕਾਂ ਵਿੱਚ ਕੁਝ ਸਮਾਸੀ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਹੁਣ ਤੱਕ ਪੜ੍ਹੇ ਪਾਠਾਂ ਵਿੱਚੋਂ ਅਜਿਹੇ ਹੋਰ ਸਮਾਸੀ ਸ਼ਬਦ ਲੱਭੋ।

ਪਾਠ-14

# ਗੁਰੂ ਤੇਗ਼ ਬਹਾਦਰ ਜੀ



ਗੁਰੂ ਤੇਗ ਬਹਾਦਰ ਜੀ ਸਿੱਖਾਂ ਦੇ ਨੌਂਵੇਂ ਗੁਰੂ ਸਨ। ਆਪ ਛੇਵੇਂ ਗੁਰੂ ਹਰਿਗੋਬਿੰਦ ਜੀ ਦੇ ਛੋਟੇ ਸਪੁੱਤਰ ਸਨ। ਆਪ ਦਾ ਜਨਮ ਮਾਤਾ ਨਾਨਕੀ ਜੀ ਦੀ ਕੁੱਖੋਂ 1 ਅਪਰੈਲ, 1621ਈ: ਨੂੰ ਅੰਮ੍ਰਿਤਸਰ ਵਿਖੇ ਹੋਇਆ।

ਆਪ ਜੀ ਨੇ ਦੋ ਮਹਾਂਪੁਰਖਾਂ ਪਾਸੋਂ ਸਿੱਖਿਆ ਪ੍ਰਾਪਤ ਕੀਤੀ। ਬਾਬਾ ਬੁੱਢਾ ਜੀ ਨੇ ਆਪ ਨੂੰ ਘੋੜ-ਸਵਾਰੀ ਅਤੇ ਸ਼ਸਤਰ-ਵਿੱਦਿਆ ਵਿੱਚ ਨਿਪੁੰਨ ਕੀਤਾ। ਭਾਈ ਗੁਰਦਾਸ ਜੀ ਨੇ ਆਪ ਨੂੰ ਕਈ ਭਾਸ਼ਾਵਾਂ ਅਤੇ ਬਹੁਤ ਸਾਰੇ ਗ੍ਰੰਥਾਂ ਦੀ ਪੜ੍ਹਾਈ ਕਰਵਾਈ।

ਆਪ ਦਾ ਵਿਆਹ ਮਾਤਾ ਗੁਜਰੀ ਜੀ ਨਾਲ਼ ਹੋਇਆ। ਗੁਰੂ ਗੋਬਿੰਦ ਸਿੰਘ ਜੀ ਆਪ ਦੇ ਸਪੁੱਤਰ ਸਨ। ਬਾਅਦ ਵਿੱਚ ਉਹ ਦਸਵੇਂ ਗੁਰੂ ਬਣੇ। ਗੁਰੂ ਤੇਗ਼ ਬਹਾਦਰ ਜੀ ਬੜੇ ਸ਼ਾਂਤ ਸੁਭਾਅ ਦੇ ਮਾਲਕ ਸਨ। ਕਹਿੰਦੇ ਹਨ, ਆਪ ਦਾ ਪਹਿਲਾ ਨਾਂ ਤਿਆਗ ਮੱਲ ਸੀ। ਆਪ ਬਹਾਦਰ ਵੀ ਬਹੁਤ ਸਨ। ਮੁਗ਼ਲ ਫ਼ੌਜਾਂ ਨਾਲ਼ ਯੁੱਧਾਂ ਵਿੱਚ ਆਪ ਨੇ ਆਪਣੀ ਤੇਗ਼ ਦੇ ਖ਼ੂਬ ਜੌਹਰ ਦਿਖਾਏ। ਉਦੋਂ ਗੁਰੂ ਹਰਿਗੋਬਿੰਦ ਜੀ ਨੇ ਇਹਨਾਂ ਨੂੰ ਤੇਗ਼ ਬਹਾਦਰ ਨਾਮ ਦਿੱਤਾ।

ਜਦੋਂ ਗੁਰੂ ਹਰਿਗੋਬਿੰਦ ਜੀ ਕੀਰਤਪੁਰ ਸਾਹਿਬ ਵਿਖੇ ਜੋਤੀ-ਜੋਤ ਸਮਾਏ ਤਾਂ ਗੁਰੂ ਤੇਗ਼ ਬਹਾਦਰ ਜੀ ਬਕਾਲੇ ਨਗਰ ਜਾ ਕੇ ਰਹਿਣ ਲੱਗੇ। ਇਹ ਸਥਾਨ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੈ। ਇੱਥੇ ਲਗ-ਪਗ 20 ਸਾਲ ਇਕਾਂਤ ਵਿੱਚ ਰਹਿ ਕੇ ਆਪ ਨੇ ਭਗਤੀ ਕੀਤੀ। ਅੱਠਵੇਂ ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਆਪ ਨੂੰ ਗੁਰਗੱਦੀ ਮਿਲ਼ੀ।

ਗੁਰੂ ਤੇਗ਼ ਬਹਾਦਰ ਜੀ ਨੇ ਧਰਮ-ਪ੍ਰਚਾਰ ਲਈ ਪੰਜਾਬ (ਜਿਸ ਵਿੱਚ ਹੁਣ ਵਾਲ਼ਾ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਸ਼ਾਮਲ ਸਨ), ਦਿੱਲੀ, ਉੱਤਰ ਪ੍ਰਦੇਸ਼, ਬਿਹਾਰ, ਬੰਗਾਲ, ਅਸਾਮ (ਹੁਣ ਵਾਲ਼ਾ) ਬੰਗਲਾਦੇਸ਼ ਆਦਿ ਥਾਂਵਾਂ ਦੀਆਂ ਯਾਤਰਾਵਾਂ ਕੀਤੀਆਂ। ਆਪ ਨੇ ਅਨੰਦਪੁਰ ਨਗਰ ਦੀ ਸਥਾਪਨਾ ਕੀਤੀ। ਗੁਰੂ ਜੀ ਨੇ ਵੱਖ-ਵੱਖ ਰਾਗਾਂ ਵਿੱਚ ਬਾਣੀ ਦੀ ਰਚਨਾ ਕੀਤੀ। ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿੱਚ ਦਰਜ ਆਪ ਦੇ ਸਲੋਕ ਬੜੇ ਪ੍ਰਸਿੱਧ ਹਨ। ਚਿੱਤਰ-ਕਲਾ ਅਤੇ ਸੰਗੀਤ-ਕਲਾ ਵਿੱਚ ਵੀ ਆਪ ਦੀ ਡੂੰਘੀ ਦਿਲਚਸਪੀ ਸੀ।

ਗੁਰੂ ਜੀ ਦੇ ਸਮੇਂ ਦੇਸ ਵਿੱਚ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦਾ ਰਾਜ ਸੀ। ਔਰੰਗਜ਼ੇਬ ਧਾਰਮਿਕ ਤੌਰ 'ਤੇ ਬੜਾ ਕੱਟੜ ਸੀ। ਉਹ ਜ਼ਬਰਦਸਤੀ ਲੋਕਾਂ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਸੀ। ਜੇ ਕੋਈ ਵਿਅਕਤੀ ਮੁਸਲਮਾਨ ਨਹੀਂ ਸੀ ਬਣਦਾ ਤਾਂ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ। ਇਸੇ ਕਾਰਨ ਇੱਕ ਵਾਰ ਕਸ਼ਮੀਰ ਦੇ ਕੁਝ ਪੰਡਤ ਦੁਖੀ ਹੋ ਕੇ ਗੁਰੂ ਜੀ ਕੋਲ਼ ਆਏ। ਉਹਨਾਂ ਨੇ ਗੁਰੂ ਜੀ ਨੂੰ ਆਪਣੀ ਦੁੱਖ ਭਰੀ ਕਹਾਣੀ ਸੁਣਾਈ। ਕਿਹਾ ਜਾਂਦਾ ਹੈ ਕਿ ਜਦੋਂ ਕਸ਼ਮੀਰੀ ਪੰਡਤਾਂ ਦੀ ਕਹਾਣੀ ਸੁਣ ਕੇ ਸਾਰੇ ਹੀ ਦੁੱਖ ਵਿੱਚ ਬੈਠੇ ਸਨ ਤਾਂ ਉਸੇ ਸਮੇਂ ਬਾਲ ਗੋਬਿੰਦ ਰਾਏ ਦਰਬਾਰ ਵਿੱਚ ਆਏ। ਉਹਨਾਂ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਇਹ ਕਹਿੰਦੇ ਸੁਣਿਆ— "ਇਸ ਵੇਲ਼ੇ ਕਿਸੇ ਮਹਾਂਪੁਰਖ ਦੀ ਕੁਰਬਾਨੀ ਦੀ ਲੋੜ ਹੈ।"

ਤਦ ਬਾਲ ਗੋਬਿੰਦ ਰਾਏ ਨੇ ਕਿਹਾ, "ਆਪ ਤੋਂ ਵੱਡਾ ਮਹਾਂਪੁਰਖ ਕੌਣ ਹੋ ਸਕਦਾ ਹੈ?" ਗੁਰੂ ਤੇਗ਼ ਬਹਾਦਰ ਜੀ ਇਹ ਦਲੇਰੀ ਭਰਿਆ ਉੱਤਰ ਸੁਣ ਕੇ ਬੜੇ ਪ੍ਰਸੰਨ ਹੋਏ। ਉਹਨਾਂ ਦਾ ਤਾਂ ਪਹਿਲਾਂ ਹੀ ਵਿਚਾਰ ਸੀ ਕਿ ਨਾ ਕਿਸੇ ਨੂੰ ਡਰਾਉਣਾ ਚਾਹੀਦਾ ਹੈ ਅਤੇ ਨਾ ਕਿਸੇ ਤੋਂ ਡਰਨਾ ਚਾਹੀਦਾ ਹੈ। ਉਹ ਕਿਸੇ ਤਰ੍ਹਾਂ ਦੀ ਵੀ ਜ਼ੋਰ-ਜ਼ਬਰਦਸਤੀ ਦੇ ਵਿਰੁੱਧ ਸਨ। ਇਸ ਲਈ ਉਹਨਾਂ ਨੇ ਪੰਡਤਾਂ ਨੂੰ ਕਿਹਾ ਕਿ ਉਹ ਹਾਕਮਾਂ ਨੂੰ ਦੱਸ ਦੇਣ ਕਿ ਜੇ ਗੁਰੂ ਤੇਗ਼ ਬਹਾਦਰ ਜੀ ਮੁਸਲਮਾਨ ਬਣ ਜਾਣ ਤਾਂ ਉਹ ਵੀ ਬਣ ਜਾਣਗੇ।

ਇਸ ਪਿੱਛੋਂ ਗੁਰੂ ਤੇਗ਼ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਗੱਦੀ ਦੇ ਕੇ ਦਿੱਲੀ ਲਈ ਚੱਲ ਪਏ। ਦਿੱਲੀ ਦੇ ਰਾਹ ਵਿੱਚ ਹੀ ਉਹਨਾਂ ਨੂੰ ਗਰਿਫ਼ਤਾਰ ਕਰ ਲਿਆ ਗਿਆ। ਦਿੱਲੀ ਲਿਜਾ ਕੇ ਉਹਨਾਂ ਨੂੰ ਮੁਸਲਮਾਨ ਬਣਨ ਲਈ ਕਿਹਾ ਗਿਆ ਪਰ ਗੁਰੂ ਜੀ ਨੇ ਹਾਕਮਾਂ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ। ਇਸ ਕਾਰਨ ਉਹਨਾਂ ਨੂੰ 11 ਨਵੰਬਰ, 1675 ਈ: ਨੂੰ ਦਿੱਲੀ ਦੇ ਚਾਂਦਨੀ ਚੌਕ ਵਿੱਚ ਸ਼ਹੀਦ ਕਰ ਦਿੱਤਾ ਗਿਆ। ਚਾਂਦਨੀ ਚੌਕ ਵਿੱਚ ਇਸ ਸਥਾਨ 'ਤੇ ਹੁਣ 'ਸੀਸ ਗੰਜ ਸਾਹਿਬ' ਨਾਂ ਦਾ ਬੜਾ ਸੁੰਦਰ ਗੁਰਦਵਾਰਾ ਬਣਿਆ ਹੋਇਆ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਆਮ ਲੋਕ ਜ਼ੁਲਮ ਦੇ ਵਿਰੁੱਧ ਉੱਠਣੇ ਸ਼ੁਰੂ ਹੋ ਗਏ। ਗੁਰੂ ਤੇਗ਼ ਬਹਾਦਰ ਜੀ ਦਾ ਇਹ ਪਵਿੱਤਰ ਸ਼ਬਦ ਸਾਰਿਆਂ ਨੂੰ ਮਹਾਨ ਸਿੱਖਿਆ ਦਿੰਦਾ ਹੈ, "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ"।

**ਔਖੇ ਸ਼ਬਦਾਂ ਦੇ ਅਰਥ:-**

| | | |
|---|---|---|
| **ਨਿਪੁੰਨ** | : | ਮਾਹਰ, ਕੰਮ ਵਿੱਚ ਹੁਸ਼ਿਆਰ |
| **ਜੌਹਰ ਦਿਖਾਉਣੇ** | : | ਹੱਥ ਵਿਖਾਉਣੇ, ਕਮਾਲ ਕਰ ਕੇ ਦਿਖਾਉਣਾ |
| **ਇਕਾਂਤ** | : | ਜਿੱਥੇ ਹੋਰ ਕੋਈ ਨਾ ਹੋਵੇ, ਨਵੇਕਲ਼ੇ |
| **ਕੱਟੜ** | : | ਹਠੀਆ, ਜ਼ਿੱਦੀ, ਬਹੁਤ ਪੱਕਾ |
| **ਜ਼ਬਰਦਸਤੀ** | : | ਜ਼ੋਰਾਵਰੀ, ਵਧੀਕੀ, ਬਦੋਬਦੀ |
| **ਮੌਤ ਦੇ ਘਾਟ ਉਤਾਰ ਦੇਣਾ** | : | ਜਾਨੋਂ ਮਾਰ ਦੇਣਾ, ਕਤਲ ਕਰਨਾ |

## ਪਾਠ-ਅਭਿਆਸ

1. **ਦੱਸੋ:**

(ੳ) ਗੁਰੂ ਤੇਗ਼ ਬਹਾਦਰ ਜੀ ਨੇ ਕਿਹੜੇ ਦੋ ਮਹਾਂਪੁਰਖਾਂ ਤੋਂ ਸਿੱਖਿਆ ਹਾਸਲ ਕੀਤੀ ਸੀ?

(ਅ) ਗੁਰੂ ਜੀ ਦਾ ਪਹਿਲਾ ਨਾਂ ਕੀ ਸੀ?

(ੲ) ਛੇਵੇਂ ਤੇ ਅੱਠਵੇਂ ਗੁਰੂ ਜੀ ਦਾ ਕੀ ਨਾਂ ਸੀ?

(ਸ) ਕਸ਼ਮੀਰ ਦੇ ਪੰਡਤ ਕਿਹੜੀ ਗੱਲੋਂ ਦੁਖੀ ਸਨ?

(ਹ) ਦਿੱਲੀ ਵਿੱਚ 'ਸੀਸ ਗੰਜ ਗੁਰਦਵਾਰਾ' ਕਿਨ੍ਹਾਂ ਦੀ ਯਾਦ ਵਿੱਚ ਬਣਾਇਆ ਗਿਆ ਹੈ?

2. **ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋ:**

ਜੋਤੀ-ਜੋਤ ਸਮਾਉਣਾ, ਜੌਹਰ ਦਿਖਾਉਣਾ, ਮੌਤ ਦੇ ਘਾਟ ਉਤਾਰਨਾ।

3. **ਹੇਠਾਂ ਗੁਰਮੁਖੀ ਅਤੇ ਦੇਵਨਾਗਰੀ ਵਿੱਚ ਦਿੱਤੇ ਸ਼ਬਦ-ਜੋੜਾਂ ਨੂੰ ਸਮਝੋ ਅਤੇ ਗੁਰਮੁਖੀ ਵਿੱਚ ਲਿਖੇ ਸ਼ਬਦਾਂ ਨੂੰ ਲਿਖਣ ਦਾ ਅਭਿਆਸ ਕਰੋ।**

| | | | | | |
|---|---|---|---|---|---|
| ਅੰਮ੍ਰਿਤਸਰ | : | अमृतसर | ਹਰਿਆਣਾ | : | हरियाणा |
| ਸਪੁੱਤਰ | : | सपूत | ਹੋਇਆ | : | हुआ |
| ਸਥਾਨ | : | स्थान | ਨਿਪੁੰਨ | : | निपुण |
| ਮਹਾਂਪੁਰਖ | : | महापुरूष | ਵਿਆਹ | : | विवाह |
| ਸ਼ਸਤਰ | : | शस्त्र | ਸੁਭਾਅ | : | स्वभाव |
| ਭਾਸ਼ਾ | : | भाषा | ਭਗਤੀ | : | भक्ति |
| ਤਿਆਗ | : | त्याग | ਸਥਾਨ | : | स्थान |

4. **ਹੇਠਾਂ ਇੱਕ ਹੀ ਅਰਥ ਲਈ ਪੰਜਾਬੀ ਅਤੇ ਹਿੰਦੀ ਵਿੱਚ ਭਿੰਨ-ਭਿੰਨ ਸ਼ਬਦ ਲਿਖੇ ਗਏ ਹਨ। ਇਹਨਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਪੰਜਾਬੀ ਸ਼ਬਦਾਂ ਨੂੰ ਲਿਖੋ:**

| | | |
|---|---|---|
| ਕੁਰਬਾਨੀ | : | बलिदान |
| ਮੌਤ | : | मृत्यु |
| ਲੋੜ | : | आवश्यकता |
| ਡਰ | : | भय |
| ਹਾਕਮ | : | शासक |
| ਜ਼ੁਲਮ | : | अत्याचार |

5. **ਹੇਠ ਲਿਖੇ ਵਾਕਾਂ ਵਿੱਚ ਲਕੀਰੇ ਸ਼ਬਦ ਵੇਖੋ:**

(ੳ) ਗੁਰੂ ਤੇਗ਼ ਬਹਾਦਰ ਜੀ ਸਿੱਖਾਂ ਦੇ ਨੌਂਵੇਂ ਗੁਰੂ <u>ਸਨ</u>।

(ਅ) ਆਪ ਜੀ ਦਾ ਵਿਆਹ ਮਾਤਾ ਗੁਜਰੀ ਜੀ ਨਾਲ਼ ਹੋਇਆ।

(ੲ) ਆਪ ਜੀ ਨੇ ਅਨੰਦਪੁਰ ਨਗਰ ਦੀ ਸਥਾਪਨਾ ਕੀਤੀ।

(ਸ) ਕੁਝ ਕਸ਼ਮੀਰੀ ਪੰਡਤ ਦੁਖੀ ਹੋ ਕੇ ਗੁਰੂ ਜੀ ਕੋਲ਼ ਆਏ।

ਇਹ ਲਕੀਰੇ ਸ਼ਬਦ ਕਿਰਿਆ-ਸ਼ਬਦ ਹਨ। ਕਿਸੇ ਕਿਰਿਆ-ਸ਼ਬਦ ਤੋਂ ਕੰਮ ਦੇ ਹੋਣ ਦਾ ਪਤਾ ਲੱਗਦਾ ਹੈ। ਇਸ ਪਾਠ ਵਿੱਚੋਂ ਅਜਿਹੇ ਕੁਝ ਹੋਰ ਕਿਰਿਆ-ਸ਼ਬਦ ਚੁਣੋ।

ਪਾਠ-15

# ਚੰਦਰੀ ਲੂੰਬੜੀ

ਲੂੰਬੜੀ ਬਾਹਰਲੇ ਜੰਗਲ਼ ਵਿੱਚ ਰਹਿੰਦੀ ਸੀ। ਉਹ ਸੁਭਾਅ ਦੀ ਵੀ ਚੰਦਰੀ ਸੀ ਤੇ ਉਹਦਾ ਨਾਂ ਵੀ ਚੰਦਰੀ ਸੀ। ਉਹਦੇ ਮਨ ਵਿੱਚ ਕਿਸੇ ਜੀਵ ਲਈ ਕੋਈ ਤਰਸ ਨਹੀਂ ਸੀ।

ਇੱਕ ਵਾਰ ਚੰਦਰੀ ਲੂੰਬੜੀ ਨੂੰ ਰਾਤ ਭਰ ਸ਼ਿਕਾਰ ਨਾ ਮਿਲ਼ਿਆ। ਜਦੋਂ ਥੱਕ ਗਈ ਤਾਂ ਉਹਨੇ ਨਦੀ ਵਿੱਚੋਂ ਪਾਣੀ ਪੀਤਾ ਤੇ ਭੁੱਖੇ ਢਿੱਡ ਝਾੜੀਆਂ ਵਿੱਚ ਵੜ ਕੇ ਸੌਂ ਗਈ।

ਪਰਾਂ ਦੀ ਫੜਫੜਾਹਟ ਸੁਣ ਕੇ ਤੜਕਸਾਰ ਉਹਦੀ ਅੱਖ ਖੁੱਲ੍ਹ ਗਈ। ਇੱਕ ਜੰਗਲ਼ੀ ਕੁੱਕੜ ਲਾਗਲੀ ਝਾੜੀ 'ਚੋਂ ਉਡਾਰੀ ਮਾਰ ਕੇ ਇੱਕ ਰੁੱਖ ਦੇ ਟਾਹਣ 'ਤੇ ਜਾ ਬੈਠਾ ਸੀ।

ਕੁੱਕੜ ਨੂੰ ਵੇਖਣਸਾਰ ਹੀ ਉਹਦੀ ਭੁੱਖ ਜਾਗ ਪਈ। ਉਹ ਕੁੱਕੜ ਨੂੰ ਫੜ ਕੇ ਖਾ ਲੈਣਾ ਚਾਹੁੰਦੀ ਸੀ।

ਜਿਸ ਟਾਹਣੀ ਉੱਤੇ ਕੁੱਕੜ ਬੈਠਾ ਹੋਇਆ ਸੀ, ਉਹਦੇ ਹੇਠ ਨਦੀ ਦਾ ਤੇਜ਼ ਵਹਿਣ ਸੀ। ਚੰਦਰੀ ਲੂੰਬੜੀ ਨੇ ਕੁੱਕੜ ਨੂੰ ਦਬੋਚਣ ਲਈ ਪੂਰੇ ਜ਼ੋਰ ਨਾਲ਼ ਛਾਲ਼ ਮਾਰੀ। ਕੁੱਕੜ ਆਉਣ ਵਾਲ਼ੇ ਖ਼ਤਰੇ ਤੋਂ ਪਹਿਲਾਂ ਹੀ ਸੁਚੇਤ ਬੈਠਾ ਸੀ। ਉਹ ਫੜ-ਫੜ ਕਰਕੇ ਉੱਡਿਆ ਤੇ ਦੂਸਰੇ ਟਾਹਣ 'ਤੇ ਜਾ ਬੈਠਾ।

ਚੰਦਰੀ ਲੂੰਬੜੀ ਕੁਝ ਚਿਰ ਖ਼ਾਲੀ ਟਾਹਣ ਨਾਲ਼ ਲਮਕਦੀ ਰਹੀ। ਜਦੋਂ ਬਾਂਹਵਾਂ ਹੰਭ ਗਈਆ ਤਾਂ ਉਹ ਨਦੀ ਵਿੱਚ ਡਿਗ ਪਈ। ਉਹਨੇ ਕਿਨਾਰੇ ਵੱਲ ਆਉਣ ਲਈ ਹੱਥ-ਪੈਰ ਮਾਰੇ ਪਰ ਨਦੀ ਦਾ ਵਹਿਣ ਉਹਨੂੰ ਰੋੜ੍ਹ ਕੇ ਲੈ ਗਿਆ।

ਪਾਣੀ ਦੇ ਵਹਿਣ ਤੇ ਹਵਾ ਦੇ ਥਪੇੜਿਆਂ ਨੇ ਬੇਹੋਸ਼ੀ ਦੀ ਹਾਲਤ ਵਿੱਚ ਉਹਨੂੰ ਨਦੀ ਦੇ ਦੂਸਰੇ ਕਿਨਾਰੇ 'ਤੇ ਜਾ ਸੁੱਟਿਆ।



ਜਦੋਂ ਚੰਦਰੀ ਲੂੰਬੜੀ ਨੂੰ ਹੋਸ਼ ਆਈ ਤਾਂ ਉਹ ਆਪਣੇ ਆਲ਼ੇ- ਦੁਆਲ਼ੇ ਜੀਵਾਂ ਦੀ ਭੀੜ ਲੱਗੀ ਵੇਖ ਕੇ ਹੈਰਾਨ ਰਹਿ ਗਈ। ਵੰਨ- ਸੁਵੰਨੇ ਜੀਵਾਂ ਵਿਚ ਹਿਰਨ, ਬਾਂਦਰ, ਖ਼ਰਗੋਸ਼, ਕੰਡਿਆਲਾ, ਬਤਕ ਤੇ ਹੋਰ ਵੀ ਕਈ ਸਨ। ਭੁੱਖਣ-ਭਾਣੀ ਲੂੰਬੜੀ ਦਾ ਜੀਅ ਕੀਤਾ, ਉਹ ਦੋਂਹ-ਚਹੁੰ ਨੂੰ ਦਬੋਚ ਕੇ ਆਪਣਾ ਢਿੱਡ ਭਰ ਲਵੇ ਪਰ ਉਹਦੇ ਕੋਲ਼ੋਂ ਤਾਂ ਉੱਠਿਆ ਵੀ ਨਹੀਂ ਜਾ ਰਿਹਾ ਸੀ। ਉਹਦਾ ਅੰਗ-ਅੰਗ ਦੁਖ ਰਿਹਾ ਸੀ।

ਕੁਝ ਚਿਰ ਪਿੱਛੋਂ ਉਸ ਨੂੰ ਹੋਸ਼ ਆਈ ਵੇਖ ਕੇ ਬਾਂਦਰ ਨੇ ਪੁੱਛਿਆ, " ਤੂੰ ਕੌਣ ਹੈਂ?"

" ਮੇਰਾ ਨਾਂ ਚੰਦਰੀ ਹੈ। ਮੈਂ ਨਦੀ ਪਾਰਲੇ ਜੰਗਲ਼ ਦੀ ਲੂੰਬੜੀ ਹਾਂ।"

"ਤੂੰ ਇੱਥੇ ਕੀ ਕਰਨ ਆਈ ਹੈਂ?" ਬੁੱਢਾ ਖ਼ਰਗੋਸ਼ ਕੁਝ ਅਗਾਂਹ ਹੋਇਆ।

ਚੰਦਰੀ ਲੂੰਬੜੀ ਜੀਵਾਂ ਦੇ ਭੋਲ਼ੇਪਣ ਦਾ ਅੰਦਾਜ਼ਾ ਲਾ ਚੁੱਕੀ ਸੀ। ਉਹਨਾਂ ਪਹਿਲਾਂ ਕਦੀ ਕੋਈ ਲੂੰਬੜੀ ਨਹੀਂ ਸੀ ਵੇਖੀ। ਉਹਨੇ ਕਹਾਣੀ ਘੜਦਿਆਂ ਆਖਿਆ, "ਬਾਬਾ, ਮੇਰੀ ਦੁੱਖ -ਭਰੀ ਕਹਾਣੀ ਬੱਸ, ਏਨੀ ਕੁ ਹੈ ਕਿ ਮੈਂ ਘਾਹ ਖਾ ਕੇ ਪਾਣੀ ਪੀਣ ਲੱਗੀ ਸਾਂ, ਜਦੋਂ .........।"

ਬੁੱਢੇ ਖ਼ਰਗੋਸ਼ ਨੇ ਉਹਦੇ ਵੱਲ ਵੇਖਿਆ, " ਚੰਦਰੀਏ ! ਤੇਰੇ ਦੰਦ ਵੀ ਬਹੁਤ ਤਿੱਖੇ ਨੇ ਤੇ ਨਹੁੰਦਰਾਂ ਵੀ। ਇਹੋ-ਜਿਹੇ ਦੰਦ ਤੇ ਨਹੁੰਦਰਾਂ ਘਾਹ ਖਾਣ ਵਾਲ਼ੇ ਜਨੌਰਾਂ ਦੀਆਂ ਨਹੀਂ ਹੁੰਦੀਆਂ।"

ਚੰਦਰੀ ਲੂੰਬੜੀ ਖ਼ਰਗੋਸ਼ ਦੀ ਗੱਲ ਸੁਣ ਕੇ ਸਹਿਮ ਗਈ। ਉਹਨੇ ਆਪਣੇ ਦੰਦ ਤੇ ਨਹੁੰਦਰਾਂ ਲੁਕਾਉਣ ਦੀ ਕੋਸ਼ਸ਼ ਕੀਤੀ ਤੇ ਨੀਵੀਂ ਪਾ ਕੇ ਹੌਲ਼ੀ ਜਿਹੀ ਬੋਲੀ, "ਨਹੁੰਦਰਾਂ ਤੇ ਦੰਦ ਤਾਂ ਰੱਬ ਨੇ ਬਣਾਏ ਨੇ।"

ਸਾਰੇ ਜੀਵਾਂ ਵਿੱਚ ਲੂੰਬੜੀ ਦੇ ਦੰਦਾਂ ਤੇ ਨਹੁੰਦਰਾਂ ਬਾਰੇ ਘੁਸਰ- ਮੁਸਰ ਹੋਣ ਲੱਗ ਪਈ।

ਬਤਕ ਨੇ ਕੁਐਂਕ- ਕੁਐਂਕ ਕੀਤੀ, "ਤੁਸੀਂ ਪਹਿਲਾਂ ਪੂਰੀ ਕਹਾਣੀ ਤਾਂ ਸੁਣ ਲਵੋ," ਬਤਕ ਦੀ ਗੱਲ 'ਤੇ ਸਾਰੇ ਚੁੱਪ ਕਰ ਗਏ।

ਚੰਦਰੀ ਲੂੰਬੜੀ ਨੇ ਆਪਣੀ ਗੱਲ ਮੁੜ ਸ਼ੁਰੂ ਕੀਤੀ, "ਮੈਂ ਪਾਣੀ ਪੀਣ ਲੱਗੀ ਸਾਂ ਕਿ ਨਦੀ ਵਿੱਚ ਡਿਗ ਪਈ। ਵਹਿਣ ਨਾਲ਼ ਰੁੜ੍ਹ ਕੇ ਹੁਣ ਇੱਥੇ ਆ ਗਈ ਹਾਂ। ਭਾਵੇਂ ਤੁਸੀਂ ਮੈਨੂੰ ਰੱਖੋ ਤੇ ਭਾਵੇਂ ਮਾਰੋ। ਮੈ ਹੁਣ ਤੁਹਾਡੇ ਵੱਸ ਹਾਂ। ਪਰ ਮੈਨੂੰ ਥੋੜ੍ਹਾ ਘਾਹ ਜ਼ਰੂਰ ਦਿਓ। ਮੈਨੂੰ ਬਹੁਤ ਭੁੱਖ ਲੱਗੀ ਹੋਈ ਐ।"

ਦੂਜੇ ਜੀਵਾਂ ਦਾ ਮਨ ਪਸੀਜ ਗਿਆ।

ਖ਼ਰਗੋਸ਼ ਨੇ ਘਾਹ ਲਿਆ ਕੇ ਚੰਦਰੀ ਲੂੰਬੜੀ ਅੱਗੇ ਪਾ ਦਿੱਤਾ। ਲੂੰਬੜੀ ਵੀ ਵਿਖਾਵਾ ਕਰਦੇ ਹੋਏ ਘਾਹ ਦੀਆਂ ਤਿੜ੍ਹਾਂ ਚਿੱਥਣ ਲੱਗ ਪਈ।

ਜੀਵ ਇੱਕ -ਇੱਕ ਕਰਕੇ ਉੱਥੋਂ ਜਾਣੇ ਸ਼ੁਰੂ ਹੋ ਗਏ।

ਬੁੱਢਾ ਖ਼ਰਗੋਸ਼ ਉੱਥੇ ਹੀ ਬੈਠਾ ਰਿਹਾ ਤੇ ਫਿਰ ਬੋਲਿਆ," ਹੁਣ ਤੂੰ ਇਹ ਘਾਹ ਖਾ ਕੇ ਵਾਪਸ ਚਲੀ ਜਾਵੀਂ।"

ਕੋਈ ਹੋਰ ਵੇਲ਼ਾ ਹੁੰਦਾ ਤਾਂ ਲੂੰਬੜੀ ਝਪਟਾ ਮਾਰ ਕੇ ਬੁੱਢੇ ਖ਼ਰਗੋਸ਼ ਨੂੰ ਦਬੋਚ ਲੈਂਦੀ ਤੇ ਮਾਰ ਦਿੰਦੀ ਪਰ ਨਿਢਾਲ ਹੋਣ ਕਰਕੇ ਉਹਨੂੰ ਹਿੱਲਣਾ ਵੀ ਔਖਾ ਲੱਗ ਰਿਹਾ ਸੀ। ਉਹਨੇ ਤਰਲਾ ਲੈ ਕੇ ਆਖਿਆ,"ਪੱਥਰਾਂ ਨਾਲ਼ ਵੱਜ -ਵੱਜ ਕੇ ਮੇਰੇ ਬਹੁਤ ਸੱਟਾਂ ਲੱਗ ਗਈਆਂ ਨੇ। ਮੈ ਬਹੁਤ ਕਮਜ਼ੋਰ ਹੋ ਗਈ ਹਾਂ। ਮੈਨੂੰ ਕੁਝ ਦਿਨ ਇੱਥੇ ਰਹਿ ਲੈਣ ਦਿਓ। ਕੁਝ ਵੱਲ ਹੋਣ ਪਿੱਛੋਂ ਮੈ ਆਪੇ ਚਲੀ ਜਾਵਾਂਗੀ।"

ਚੰਦਰੀ ਲੂੰਬੜੀ ਦੀ ਗੱਲ ਮੰਨ ਕੇ ਬੁੱਢਾ ਖ਼ਰਗੋਸ਼ ਵੀ ਚਲਿਆ ਗਿਆ।

ਬੁੱਢਾ ਖ਼ਰਗੋਸ਼ ਨਜ਼ਰਾਂ ਤੋਂ ਓਹਲੇ ਹੋਇਆ ਤਾਂ ਉਹਨੇ ਆਪਣੇ ਮੂੰਹ ਵਿੱਚ ਜਮ੍ਹਾ ਹੋਇਆ ਘਾਹ ਥੂ-ਥੂ ਕਰਕੇ ਥੁੱਕ ਦਿੱਤਾ।

ਢਿੱਡ ਖ਼ਾਲੀ ਹੋਣ ਕਰਕੇ ਚੰਦਰੀ ਲੂੰਬੜੀ ਹੋਰ ਨਿਢਾਲ ਹੋ ਗਈ ਸੀ। ਸਰੀਰ ਦੀ ਕਮਜ਼ੋਰੀ ਤੇ ਸੱਟਾਂ ਕਰਕੇ ਉਹ ਉੱਠਣ ਜੋਗੀ ਨਹੀਂ ਸੀ। ਚੰਦਰੀ ਲੂੰਬੜੀ ਨੂੰ ਆਪਣੇ-ਆਪ 'ਤੇ ਤਰਸ ਆਉਣ ਲੱਗ ਪਿਆ ਸੀ।

ਉਹ ਸਾਰਾ ਦਿਨ ਭੁੱਖੀ ਪਈ ਰਹੀ। ਰਾਤ ਵੇਲ਼ੇ ਇੱਕ ਖ਼ਰਗੋਸ਼ ਘੁਰਨੇ ਵੱਲ ਪਰਤ ਰਿਹਾ ਸੀ। ਉਹਨੂੰ ਚੰਦਰੀ ਲੂੰਬੜੀ ਬਾਰੇ ਕੁਝ ਪਤਾ ਨਹੀਂ ਸੀ। ਉਹਨੇ ਉਤਸੁਕਤਾ ਨਾਲ਼ ਲੂੰਬੜੀ ਵੱਲ ਵੇਖਿਆ ਤੇ ਹੌਲ਼ੀ-ਹੌਲ਼ੀ ਚਲਾ ਗਿਆ। ਲੂੰਬੜੀ ਮੁਸਕਰਾਈ ਤਾਂ ਉਹਦੀ ਝਿਜਕ ਜਾਂਦੀ ਰਹੀ।

ਚੰਦਰੀ ਲੂੰਬੜੀ ਨੇ ਇੱਕ ਵਾਰ ਚੁਫੇਰੇ ਵੇਖਿਆ ਤੇ ਫਿਰ ਖ਼ਰਗੋਸ਼ ਨੂੰ ਪੰਜਿਆਂ ਵਿੱਚ ਦਬੋਚ ਲਿਆ।

ਸਵੇਰ ਤੱਕ ਲੂੰਬੜੀ ਦੇ ਸਰੀਰ ਵਿੱਚ ਤਾਕਤ ਪਰਤ ਆਈ। ਹੁਣ ਉਹਦਾ ਢਿੱਡ ਵੀ ਖ਼ਾਲੀ ਨਹੀਂ ਸੀ। ਉਹਨੇ ਉੱਠ ਕੇ ਆਕੜ ਭੰਨੀ ਤੇ ਜੰਗਲ਼ ਵੱਲ ਤੁਰ ਪਈ।

ਜੰਗਲ਼ ਵਿੱਚ ਸਾਰਾ ਕੁਝ ਪਹਿਲਾਂ ਵਾਂਗ ਹੀ ਸੀ। ਕੁਝ ਦਿਨਾਂ ਤੋਂ ਖ਼ਰਗੋਸ਼ ਇੱਕ-ਇੱਕ ਕਰਕੇ ਗੁੰਮ ਹੋ ਰਹੇ ਸਨ। ਜੰਗਲ਼ ਵਿੱਚ ਗਿਆ 'ਕੱਲਾ-ਕਾਰਾ ਖ਼ਰਗੋਸ਼ ਕਦੀ ਵੀ ਪਰਤ ਕੇ ਘਰ ਨਹੀਂ ਸੀ ਆਉਂਦਾ।

ਕੋਈ ਅਣਦਿਸਦਾ ਦੁਸ਼ਮਣ ਸੀ ਜੀਹਦੇ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ ਸੀ।

ਚੰਦਰੀ ਲੂੰਬੜੀ ਦਿਨ ਵੇਲ਼ੇ ਅਲੂਏਂ ਖ਼ਰਗੋਸ਼ਾਂ ਨਾਲ਼ ਖ਼ੂਬ ਖੇਡਦੀ ਸੀ। ਉਹਨਾਂ ਨੂੰ ਹਰ ਹੀਲੇ ਹਸਾਉਣ ਦੀ ਕੋਸ਼ਸ ਕਰਦੀ ਰਹਿੰਦੀ ਸੀ। ਉਹਨਾਂ ਨਾਲ਼ ਬਹਿ ਕੇ ਉਹ ਘਾਹ ਖਾਣ ਦਾ ਵਿਖਾਵਾ ਵੀ ਕਰਦੀ ਸੀ। ਉਸ ਉੱਤੇ ਕੋਈ ਸ਼ੱਕ ਨਹੀਂ ਸੀ ਕਰਦਾ।

ਖ਼ਰਗੋਸ਼ ਬਹੁਤ ਭੋਲ਼ੇ ਸਨ। ਉਹ ਦਿਨ ਵੇਲ਼ੇ ਆਪਣੀ ਮੁਸੀਬਤ ਭੁੱਲ ਜਾਂਦੇ ਸਨ ਤੇ ਰਾਤ ਵੇਲ਼ੇ ਖ਼ਤਰਿਆਂ ਵਿੱਚ ਘਿਰ ਜਾਂਦੇ ਸਨ।

ਇੱਕ ਦਿਨ ਭੋਲੂ, ਪੀਲ਼ਾ, ਛੋਟੂ ਤੇ ਹੋਰ ਕਈ ਖ਼ਰਗੋਸ਼ ਖੇਡਦੇ- ਖੇਡਦੇ ਦੂਰ ਨਿਕਲ਼ ਗਏ। ਵਾਪਸ ਆਉਂਦਿਆਂ ਗੂੜ੍ਹਾ ਹਨੇਰਾ ਫੈਲ ਗਿਆ। ਰਾਹ ਵਿੱਚ ਉਹਨਾਂ ਨੇ ਇੱਕ ਭਿਆਨਕ ਦ੍ਰਿਸ਼ ਵੇਖਿਆ। ਉਹ ਸਹਿਮ ਕੇ ਖਲੋ ਗਏ। ਚੰਦਰੀ ਲੂੰਬੜੀ ਕਿਸੇ ਇਕੱਲੇ ਖ਼ਰਗੋਸ਼ ਦੀ ਤਾਕ ਵਿੱਚ ਬੈਠੀ ਹੋਈ ਸੀ। ਉਹਨੇ ਸ਼ਹਿ ਕੇ ਇੱਕ ਖ਼ਰਗੋਸ਼ 'ਤੇ ਝਪਟਾ ਮਾਰਿਆ ਤੇ ਉਹਦੀ ਚੀਰ-ਫਾੜ ਕਰਨ ਲੱਗ ਪਈ। ਖ਼ਰਗੋਸ਼ਾਂ ਦੇ ਗੁੰਮ ਹੋਣ ਦਾ ਭੇਤ ਇਕਦਮ ਖੁੱਲ੍ਹ ਗਿਆ। ਉਹ ਏਨੇ ਰੋਹ ਵਿੱਚ ਆ ਗਏ ਕਿ ਉਹਨਾਂ ਨੂੰ ਆਪਣੇ ਖ਼ਰਗੋਸ਼ ਹੋਣ ਦਾ ਚੇਤਾ ਹੀ ਨਾ ਰਿਹਾ। ਉਹ ਸਾਰੇ ਟੁੱਟ ਕੇ ਲੂੰਬੜੀ ਨੂੰ ਪੈ ਗਏ। ਉਹਨਾਂ ਆਪਣੀਆਂ ਨਿੱਕੀਆਂ- ਨਿੱਕੀਆਂ ਦੰਦੀਆਂ ਨਾਲ਼ ਚੰਦਰੀ ਲੂੰਬੜੀ ਨੂੰ ਕੋਹ ਸੁੱਟਿਆ। ਲੂੰਬੜੀ ਦੇ ਮਰਨ ਦੀ ਖ਼ਬਰ ਇਕਦਮ ਸਾਰੇ ਜੰਗਲ਼ ਵਿੱਚ ਫੈਲ ਗਈ। ਸਾਰੇ ਜੀਵ ਹੁੰਮ-ਹੁੰਮਾ ਕੇ ਖ਼ਰਗੋਸ਼ਾਂ ਦੇ ਡੇਰੇ ਇਕੱਠੇ ਹੋ ਗਏ। ਸਾਰਿਆਂ ਜੀਵਾਂ ਨੇ ਬਹੁਤ ਦਿਨਾਂ ਪਿੱਛੋਂ ਬੁੱਢੇ ਖ਼ਰਗੋਸ਼ ਦੇ ਚਿਹਰੇ 'ਤੇ ਖ਼ੁਸ਼ੀ ਦੀ ਚਮਕ ਵੇਖੀ। ਇਹੋ ਖ਼ੁਸ਼ੀ ਸਾਰਿਆਂ ਜੀਵਾਂ ਦੇ ਮਨ ਵਿੱਚ ਸੀ। ਚੰਦਰੀ ਲੂੰਬੜੀ ਨੇ ਮੌਕਾ ਮਿਲ਼ਨ 'ਤੇ ਉਹਨਾਂ ਦਾ ਸ਼ਿਕਾਰ ਕਰਨਾ ਸੀ।

ਕਿਸੇ ਵੀ ਜੰਗਲ਼ ਵਿੱਚ ਹੁਣ ਤੱਕ ਸ਼ਾਇਦ ਇਹ ਪਹਿਲੀ ਵਾਰ ਹੀ ਹੋਇਆ ਸੀ ਕਿ ਖ਼ਰਗੋਸ਼ਾਂ ਹੱਥੋਂ ਲੂੰਬੜੀ ਮਾਰੀ ਗਈ ਹੋਵੇ। ਬੁੱਢੇ ਖ਼ਰਗੋਸ਼ ਨੇ ਆਖਿਆ, "ਇਹ ਤਾਕਤ ਖ਼ਰਗੋਸ਼ਾਂ ਦੀ ਨਹੀਂ, ਏਕੇ ਦੀ ਹੈ। ਖ਼ਰਗੋਸ਼ ਚਾਹੁਣ ਤਾਂ ਏਕੇ ਦੀ ਤਾਕਤ ਨਾਲ਼ ਸ਼ੇਰ ਨੂੰ ਵੀ ਮਾਰ ਸਕਦੇ ਹਨ।"

## ਪਾਠ-ਅਭਿਆਸ

1. **ਖ਼ਾਲੀ ਥਾਂਵਾਂ ਭਰੋ:-**

ੳ. ਮੈਨੂੰ ਬਹੁਤ............. ਲੱਗੀ ਹੋਈ ਹੈ।

ਅ. ਉਹ ਕੁੱਕੜ ਨੂੰ ਫੜ ਕੇ .................... ਲੈਣਾ ਚਾਹੁੰਦੀ ਸੀ।

ੲ. ਚੰਦਰੀ ਲੂੰਬੜੀ ............... ਦੀ ਗੱਲ ਸੁਣ ਕੇ ......................... ਗਈ।

ਸ. ਖ਼ਰਗੋਸ਼ਾਂ ਦੇ ਗੁੰਮ ਹੋਣ ਦਾ ..................... ਇਕਦਮ ਖੁੱਲ੍ਹ ਗਿਆ।

ਹ. ਲੂੰਬੜੀ ਦੇ ਮਰਨ ਦੀ ਖ਼ਬਰ ਸਾਰੇ .................. ਵਿੱਚ ਫੈਲ ਗਈ।

2. **ਇੱਕ -ਦੋ ਸ਼ਬਦਾਂ ਵਿੱਚ ਉੱਤਰ ਦਿਓ:-**

ੳ. ਲੂੰਬੜੀ ਦਾ ਸੁਭਾਅ ਕਿਹਾ-ਜਿਹਾ ਸੀ?

ਅ. ਕੁੱਕੜ ਕਿੱਥੇ ਬੈਠਾ ਸੀ?

ੲ ਲੂੰਬੜੀ ਨੇ ਜਾਨਵਰਾਂ ਤੋਂ ਖਾਣ ਲਈ ਕੀ ਮੰਗਿਆ ?

ਸ. ਲੂੰਬੜੀ ਦੇ ਦੰਦ ਕਿਹੋ -ਜਿਹੇ ਸਨ?

ਹ. ਲੂੰਬੜੀ ਦੇ ਮਰਨ ਦੀ ਖ਼ਬਰ ਕਿਵੇਂ ਫੈਲ ਗਈ?

3. **ਇੱਕ-ਦੋ ਸਤਰਾਂ ਵਿੱਚ ਉੱਤਰ ਦਿਓ:-**

1. ਚੰਦਰੀ ਲੂੰਬੜੀ ਨੇ ਕਿਹੜੀ ਕਹਾਣੀ ਘੜੀ?
2. ਇੱਕ ਦਿਨ ਖ਼ਰਗੋਸ਼ ਕੀ ਵੇਖ ਕੇ ਸਹਿਮ ਗਿਆ?
3. ਦਿਨ ਵੇਲ਼ੇ ਚੰਦਰੀ ਲੂੰਬੜੀ ਕੀ ਕਰਦੀ ਸੀ?
4. ਖ਼ਰਗੋਸ਼ਾਂ ਦੇ ਗੁੰਮ ਹੋਣ ਦਾ ਭੇਤ ਕਿਵੇਂ ਖੁੱਲ੍ਹਿਆ?
5. ਖ਼ਰਗੋਸ਼ਾਂ ਨੇ ਲੂੰਬੜੀ ਦੇ ਖ਼ਤਰੇ ਨੂੰ ਕਿਵੇਂ ਟਾਲ਼ਿਆ?

4. **ਵਾਕਾਂ ਵਿੱਚ ਵਰਤੋ:-**

ਤੜਕਸਾਰ, ਵਹਿਣ, ਹੰਭ, ਤਰਲਾ, ਕੋਹ ਸੁੱਟਣਾ, ਭੇਤ, ਮੌਕਾ

5. **(ੳ) ਹੇਠਾਂ ਗੁਰਮੁਖੀ ਅਤੇ ਦੇਵਨਾਗਰੀ ਵਿਚ ਦਿੱਤੇ ਸ਼ਬਦ-ਜੋੜਾਂ ਦੇ ਅੰਤਰ ਨੂੰ ਸਮਝੋ ਅਤੇ ਗੁਰਮੁਖੀ ਵਿੱਚ ਲਿਖੇ ਸ਼ਬਦਾਂ ਨੂੰ ਲਿਖਣ ਦਾ ਅਭਿਆਸ ਕਰੋ:-**

| | | | | | |
|---|---|---|---|---|---|
| ਸੁਭਾਅ | : | स्वभाव | ਹਨੇਰਾ | : | अंधेरा |
| ਟਾਹਣ, ਟਾਹਣੀ | : | टहनी | ਦੁਸ਼ਮਣ | : | दुश्मन |
| ਵਹਿਣ | : | बहाव | ਘਾਹ | : | घास |
| ਬੁੱਢਾ | : | बूढ़ा | ’ਕੱਲਾ-ਕਾਰਾ | : | अकेला |

| | | |
|---|---|---|
| ਵੱਸ | : | वश |
| ਭਿਆਨਕ | : | भयानक |
| ਜਨੌਰ | : | जानवर |

5.(ਅ) ਹੇਠਾਂ ਇੱਕ ਹੀ ਅਰਥ ਲਈ ਪੰਜਾਬੀ ਅਤੇ ਹਿੰਦੀ ਵਿੱਚ ਭਿੰਨ-ਭਿੰਨ ਸ਼ਬਦ ਹਨ। ਇਹਨਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਪੰਜਾਬੀ ਦੇ ਸ਼ਬਦ ਲਿਖਣ ਦਾ ਅਭਿਆਸ ਕਰੋ :

| | | | | | |
|---|---|---|---|---|---|
| ਤਰਸ | : | दया | ਹੰਭਣਾ | : | थक जाना |
| ਉਤਸੁਕਤਾ | : | जिज्ञासा | ਤਾਕਤ | : | शक्ति |
| ਖ਼ਬਰ | : | समाचार | ਮੌਕਾ | : | अवसर |
| ਤਰਲਾ | : | मिन्नत | ਘੁਰਨਾ | : | बिल |

5.(ੲ) ਹੇਠਾਂ ਦਿੱਤੇ ਵਾਕਾਂ ਨੂੰ ਪੰਜਾਬੀ ਵਿੱਚ ਲਿਖੋ :

किसी भी जंगल के इतिहास में शायद यह पहली बार ही हुआ था कि खरगोशों के हाथों एक लोमडी मारी गई हो। बूढ़े खरगोश ने कहा, "यह शक्ति खरगोशों की नहीं, उनकी एकता की है। खरगोश चाहें तो इस एकता से शेर को भी मार सकते हैं।"

ਪਾਠ-16

# ਸ਼ਹੀਦੀ ਜੋੜ-ਮੇਲਾ

ਅੱਜ ਤੋਂ ਲਗ-ਪਗ ਤਿੰਨ ਸੌ ਸਾਲ ਪਹਿਲਾਂ ਦੀ ਗੱਲ ਹੈ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਜਿਊਂਦੇ-ਜੀਅ ਨੀਂਹਾਂ ਵਿੱਚ ਚਿਣਵਾ ਦਿੱਤਾ ਗਿਆ ਸੀ। ਇਹ ਸਾਕਾ ਪੰਜਾਬ ਦੀ ਧਰਤੀ 'ਤੇ ਸਰਹਿੰਦ ਵਿਖੇ ਵਾਪਰਿਆ।

ਸਾਡੇ ਦੇਸ ਵਿੱਚ ਉਸ ਸਮੇਂ ਮੁਗ਼ਲ ਰਾਜ ਕਰਦੇ ਸਨ। ਮੁਗ਼ਲ ਹਾਕਮ ਤਲਵਾਰ ਦੇ ਜ਼ੋਰ ਨਾਲ਼ ਭਾਰਤੀ ਲੋਕਾਂ ਨੂੰ ਮੁਸਲਮਾਨ ਬਣਾਉਣਾ ਚਾਹੁੰਦੇ ਹਨ। ਇਸ ਔਖੀ ਘੜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਜ਼ਲੂਮ ਲੋਕਾਂ ਦੀ ਢਾਲ ਬਣੇ। ਮੁਗ਼ਲਾਂ ਨੇ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ । ਕਈ ਦਿਨ ਲੜਾਈ ਚੱਲਦੀ ਰਹੀ। ਮੁਗ਼ਲ ਫ਼ੌਜਾਂ ਨੇ ਕਸਮਾਂ ਖਾਧੀਆਂ ਕਿ ਜੇ ਗੁਰੂ ਜੀ ਸਿੰਘਾਂ ਸਮੇਤ ਕਿਲ੍ਹਾ ਛੱਡ ਜਾਣ ਤਾਂ ਅਸੀਂ ਲੜਾਈ ਬੰਦ ਕਰ ਦੇਵਾਂਗੇ। ਉੱਧਰ ਕਿਲ੍ਹੇ ਵਿਚਲਾ ਰਸਦ-ਪਾਣੀ ਖ਼ਤਮ ਹੋ ਗਿਆ ਸੀ। ਪਹਿਲਾਂ ਤਾਂ ਗੁਰੂ ਜੀ ਕਿਲ੍ਹਾ ਛੱਡਣਾ ਨਾ ਮੰਨੇ ਪਰ ਪੰਜਾਂ ਸਿੰਘਾਂ ਨੇ ਮਿਲ਼ ਕੇ ਗੁਰੂ ਜੀ ਨੂੰ ਬੇਨਤੀ ਕੀਤੀ ਤਾਂ ਉਹਨਾਂ ਦੀ ਬੇਨਤੀ ਮੰਨਦੇ ਹੋਏ ਗੁਰੂ ਜੀ ਇੱਕ ਰਾਤ ਕਿਲ੍ਹਾ ਛੱਡ ਤੁਰੇ। ਉਹਨਾਂ ਦੇ ਨਾਲ਼ ਖ਼ਾਲਸਾ ਫ਼ੌਜ ਅਤੇ ਪਰਿਵਾਰ ਦੇ ਜੀਅ ਸਨ। ਰਾਤ ਨੂੰ ਮੀਂਹ ਵੀ ਪੈ ਰਿਹਾ ਸੀ। ਮੁਗ਼ਲ ਫ਼ੌਜ ਕਸਮਾਂ ਤੋੜ ਕੇ ਗੁਰੂ ਜੀ ਦਾ ਪਿੱਛਾ ਕਰਨ ਲੱਗੀ। ਰਸਤੇ ਵਿੱਚ ਸਰਸਾ ਨਦੀ ਪੈਂਦੀ ਸੀ ਜਿਸ ਵਿੱਚ ਹੜ੍ਹ ਆਇਆ ਹੋਇਆ ਸੀ। ਗੁਰੂ ਜੀ ਵੱਡੇ ਸਾਹਿਬਜ਼ਾਦਿਆਂ ਅਤੇ ਕੁਝ ਸਿੰਘਾਂ ਸਮੇਤ ਸਰਸਾ ਨਦੀ ਪਾਰ ਕਰ ਗਏ। ਕੁਝ ਪਰਿਵਾਰ ਦਿੱਲੀ ਵੱਲ ਨਿਕਲ਼ ਗਏ। ਰਾਤ ਦੇ ਹਨੇਰੇ ਵਿੱਚ ਗੁਰੂ ਜੀ ਦਾ ਪਰਿਵਾਰ ਵਿੱਛੜ ਗਿਆ ਇਸ ਸਥਾਨ 'ਤੇ ਅੱਜ-ਕੱਲ੍ਹ ਗੁਰਦਵਾਰਾ ਪਰਿਵਾਰ-ਵਿਛੋੜਾ ਸ਼ੁਸ਼ੋਭਿਤ ਹੈ। ਮਾਤਾ ਗੁਜਰੀ ਜੀ ਅਤੇ ਦੋ ਛੋਟੇ ਸਾਹਿਬਜ਼ਾਦੇ ਗੰਗੂ ਨਾਲ਼ ਉਸ ਦੇ ਪਿੰਡ ਸਹੇੜੀ, ਜ਼ਿਲ੍ਹਾ ਰੂਪਨਗਰ ਆ ਗਏ। ਗੰਗੂ ਗੁਰੂ-ਘਰ ਦਾ ਰਸੋਈਆ ਸੀ। ਮਾਤਾ ਜੀ ਅਤੇ ਬੱਚਿਆਂ ਨੂੰ ਉਸ ਨੇ ਆਪਣੇ ਘਰ ਰੱਖਿਆ। ਗੰਗੂ ਦਾ ਮਨ ਮਾਤਾ ਜੀ ਦੀ ਮੋਹਰਾਂ ਵਾਲ਼ੀ ਥੈਲੀ ਵੇਖ ਕੇ ਬੇਈਮਾਨ ਹੋ ਗਿਆ। ਉਸ ਨੇ ਮੋਹਰਾਂ ਵਾਲ਼ੀ ਥੈਲੀ ਚੁਰਾ ਲਈ। ਫਿਰ ਇਨਾਮ ਦੇ ਲਾਲਚਵੱਸ ਉਹਨੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਮੋਰਿੰਡੇ ਦੇ ਕੋਲ਼ ਗਰਿਫ਼ਤਾਰ ਕਰਵਾ ਦਿੱਤਾ।



ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਠੰਢੇ ਬੁਰਜ ਵਿੱਚ ਕੈਦ ਰੱਖਿਆ ਗਿਆ। ਸਰਹਿੰਦ ਦੇ ਸੂਬੇ ਵਜ਼ੀਰ ਖ਼ਾਨ ਦੀ ਕਚਿਹਰੀ ਵਿੱਚ ਸਾਹਿਬਜ਼ਾਦਿਆਂ ਨੂੰ ਪੇਸ਼ ਕੀਤਾ ਗਿਆ। ਤਿੰਨ ਦਿਨ ਪੇਸ਼ੀਆਂ ਪੈਂਦੀਆਂ ਰਹੀਆਂ। ਸਾਹਿਬਜ਼ਾਦਿਆਂ ਨੂੰ ਆਪਣਾ ਧਰਮ ਬਦਲਣ ਲਈ ਮਜਬੂਰ ਕੀਤਾ ਜਾਂਦਾ ਰਿਹਾ। ਲੜਾਈ ਵੀ ਇਸੇ ਗੱਲ ਦੀ ਸੀ। ਲੋਕਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਜਾ ਰਿਹਾ ਸੀ। ਸੂਬਾ ਸਰਹਿੰਦ ਇਹ ਚਾਹੁੰਦਾ ਸੀ ਕਿ ਜੇ ਇਹ ਬੱਚੇ ਮੁਸਲਮਾਨ ਬਣ ਜਾਣ ਤਾਂ ਬਾਕੀ ਲੋਕ ਆਪਣੇ-ਆਪ ਹੀ ਮੁਸਲਮਾਨ ਬਣ ਜਾਣਗੇ। ਜ਼ੁਲਮ ਅੱਗੇ ਝੁਕਣ ਦੀ ਥਾਂ ਸਾਹਿਬਜ਼ਾਦਿਆਂ ਨੇ ਸ਼ਹੀਦੀ ਦੇ ਦਿੱਤੀ। ਇਸ ਦਰਦਨਾਕ ਘਟਨਾ ਨਾਲ਼ ਚਾਰੇ ਪਾਸੇ ਸਨਾਟਾ ਛਾ ਗਿਆ। ਮਾਤਾ ਗੁਜਰੀ ਨੇ ਰੱਬ ਦਾ ਸ਼ੁਕਰ ਅਦਾ ਕੀਤਾ ਕਿ ਨਿੱਕੇ-ਨਿੱਕੇ ਬਾਲ ਜ਼ੁਲਮ-ਜਬਰ ਅੱਗੇ ਝੁਕੇ ਨਹੀਂ।

ਇਹ ਘਟਨਾ ਸਦੀਆਂ ਬੀਤਣ 'ਤੇ ਵੀ ਲੋਕਾਂ ਦੇ ਮਨਾਂ ਵਿੱਚ ਅਜੇ ਤੱਕ ਵੱਸੀ ਹੋਈ ਹੈ। ਹਰ ਸਾਲ ਦਸੰਬਰ ਦੇ ਪਿਛਲੇ ਹਫ਼ਤੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਸ਼ਹੀਦੀ ਸਥਾਨ ਫ਼ਤਿਹਗੜ੍ਹ ਸਾਹਿਬ ਵਿਖੇ ਸ਼ਹੀਦੀ ਜੋੜ-ਮੇਲਾ ਲੱਗਦਾ ਹੈ। ਲੱਖਾਂ ਦੀ ਗਿਣਤੀ ਵਿੱਚ ਲੋਕ ਇਹਨਾਂ ਮਹਾਨ ਸ਼ਹੀਦਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਨ ਆਉਂਦੇ ਹਨ। ਤਿੰਨ ਦਿਨ ਦਿਵਾਨ ਸਜੇ ਰਹਿੰਦੇ ਹਨ। ਵੱਖ-ਵੱਖ ਬੁਲਾਰਿਆਂ ਵੱਲੋਂ ਲੋਕਾਂ ਨੂੰ ਜਬਰ ਵਿਰੁੱਧ ਲੜਨ ਲਈ ਪ੍ਰੇਰਿਆ ਜਾਂਦਾ ਹੈ। ਇਹਨਾਂ ਦਿਵਾਨਾਂ ਵਿੱਚ ਉੱਚ-ਕੋਟੀ ਦੇ ਰਾਗੀ-ਢਾਡੀ ਬੀਰ-ਰਸੀ ਵਾਰਾਂ ਤੇ ਕਵਿਤਾਵਾਂ ਸੁਣਾ ਕੇ ਤੇ ਸ਼ਹੀਦੀ ਸਾਕੇ ਨੂੰ ਗਾ ਕੇ ਸੁੱਤੀ ਹੋਈ ਜਨਤਾ ਨੂੰ ਹਲੂਣਦੇ ਹਨ। ਤਿੰਨ ਦਿਨ 'ਗੁਰੂ ਕਾ ਲੰਗਰ' ਵਰਤਦਾ ਹੈ। ਸੜਕਾਂ ਦੇ ਦੋਂਹਾਂ ਪਾਸਿਆਂ 'ਤੇ ਪੰਜ-ਛੇ ਕਿਲੋਮੀਟਰ ਤੱਕ ਬੇਸ਼ੁਮਾਰ ਦੁਕਾਨਾਂ ਲੱਗੀਆਂ ਹੁੰਦੀਆਂ ਹਨ। ਇਹ ਮੇਲਾ ਪਿਛਲੇ ਸਮਿਆਂ ਵਿੱਚ 'ਸ਼ੋਕ-ਸਭਾ' ਦੇ ਤੌਰ 'ਤੇ ਮਨਾਇਆ ਜਾਂਦਾ ਸੀ। ਪਿੰਡਾਂ ਵਿੱਚ ਅੱਜ ਵੀ ਇਸ ਮੇਲੇ ਨੂੰ 'ਸਰਹਿੰਦ ਦੀ ਸਭਾ' ਦੇ ਨਾਂ ਨਾਲ਼ ਯਾਦ ਕੀਤਾ ਜਾਂਦਾ ਹੈ।

ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਹਰ ਸਾਲ ਇਹ ਮੇਲਾ ਮਨਾਇਆ ਜਾਂਦਾ ਹੈ। ਲੋਕ ਮੇਲੇ ਵਿੱਚ ਜੁੜਦੇ ਹਨ ਤੇ ਜ਼ੁਲਮ-ਜਬਰ ਵਿਰੁੱਧ ਲੜਨ ਦੀ ਪ੍ਰੇਰਨਾ ਲੈ ਕੇ ਮੁੜਦੇ ਹਨ। ਸ਼ਹੀਦਾਂ ਦੇ ਨਾਂ 'ਤੇ ਫ਼ਤਿਹਗੜ੍ਹ ਸਾਹਿਬ ਵਿਖੇ ਕਾਲਜ, ਹਸਪਤਾਲ, ਬਿਰਧ-ਆਸ਼ਰਮ ਅਤੇ ਬੱਚਿਆਂ ਲਈ ਸਕੂਲ ਖੋਲ੍ਹੇ ਗਏ ਹਨ।

**ਔਖੇ ਸ਼ਬਦਾਂ ਦੇ ਅਰਥ :**

ਸਾਕਾ : ਅਜਿਹਾ ਕੰਮ ਜਾਂ ਘਟਨਾ ਜੋ ਇਤਿਹਾਸ ਵਿੱਚ ਪ੍ਰਸਿੱਧ ਰਹਿਣ ਲਾਇਕ ਹੋਵੇ। ਮਜ਼ਲੂਮ : ਜਿਸ ਉੱਤੇ ਜ਼ੁਲਮ ਹੋਇਆ ਹੋਵੇ। ਰਸਦ-ਪਾਣੀ : ਖਾਣ-ਪੀਣ ਦੀ ਸਮਗਰੀ, ਅੰਨ-ਪਾਣੀ। ਪੇਸ਼ੀ : ਅਦਾਲਤ ਵਿੱਚ ਮੁਕੱਦਮੇ ਨੂੰ ਸੁਣਨ ਦਾ ਦਿਨ। ਸਨਾਟਾ ਛਾ ਜਾਣਾ : ਚੁੱਪ-ਚਾਪ ਹੋ ਜਾਣੀ, ਖ਼ਮੋਸ਼ੀ ਵਰਤ ਜਾਣੀ। ਬੇਸ਼ੁਮਾਰ : ਅਣਗਿਣਤ।

## ਪਾਠ-ਅਭਿਆਸ

**1. ਖ਼ਾਲੀ ਸਥਾਨ ਭਰੋ :-**

ੳ. ਮੁਗ਼ਲਾਂ ਨੇ ਅਨੰਦਪੁਰ ਸਾਹਿਬ ਦੇ......................ਘੇਰਾ ਪਾਇਆ।

ਅ. ਮੁਗ਼ਲ ਫ਼ੌਜ............ਤੋੜ ਕੇ ਗੁਰੂ ਜੀ ਦਾ ਪਿੱਛਾ ਕਰਨ ਲੱਗੀ।

ੲ. ਸਾਹਿਬਜ਼ਾਦਿਆਂ ਨੂੰ ................ਬਦਲਣ ਲਈ ਮਜਬੂਰ ਕੀਤਾ ਗਿਆ।

ਸ. ਇਹ ਮੇਲਾ ਪਿਛਲੇ ਸਮੇਂ ਵਿੱਚ ............ਦੇ ਤੌਰ 'ਤੇ ਮਨਾਇਆ ਜਾਂਦਾ ਸੀ।

2. **ਇੱਕ-ਦੋ ਸ਼ਬਦਾਂ ਵਿੱਚ ਉੱਤਰ ਦਿਓ :-**

ੳ. ਪਰਿਵਾਰ-ਵਿਛੋੜਾ ਗੁਰਦਵਾਰਾ ਕਿੱਥੇ ਸਸ਼ੋਭਿਤ ਹੈ?

ਅ. ਔਖੀ-ਘੜੀ ਵਿੱਚ ਮਜ਼ਲੂਮਾਂ ਦੀ ਢਾਲ ਕੌਣ ਬਣਿਆ?

ੲ. ਮਾਤਾ ਗੁਜਰੀ ਤੇ ਸਾਹਿਬਜ਼ਾਦਿਆਂ ਨੂੰ ਕਿਸ ਜਗ੍ਹਾ ਕੈਦ ਕਰ ਕੇ ਰੱਖਿਆ ਗਿਆ?

ਸ. ਸੂਬੇਦਾਰ ਵਜ਼ੀਰ ਖ਼ਾਨ ਕੌਣ ਸੀ?

ਹ. ਸ਼ਹੀਦੀ ਜੋੜ-ਮੇਲਾ ਕਿੱਥੇ ਲੱਗਦਾ ਹੈ?

3. **ਉੱਤਰ ਦਿਓ :-**

ੳ. ਗੁਰੂ ਜੀ ਨੇ ਅਨੰਦਪੁਰ ਸਾਹਿਬ ਕਿਉਂ ਛੱਡਿਆ?

ਅ. ਗੰਗੂ ਕੌਣ ਸੀ? ਉਸ ਨੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਗਰਿਫ਼ਤਾਰ ਕਿਉਂ ਕਰਵਾਇਆ?

ੲ. ਸ਼ਹੀਦੀ ਜੋੜ-ਮੇਲਾ ਕਦੋਂ ਤੇ ਕਿਸ ਦੀ ਯਾਦ ਵਿੱਚ ਲੱਗਦਾ ਹੈ।

ਸ. ਮਾਤਾ ਗੁਜਰੀ ਜੀ ਨੇ ਰੱਬ ਦਾ ਸ਼ੁਕਰ ਕਿਉਂ ਕੀਤਾ?

4. **ਵਾਕਾਂ ਵਿੱਚ ਵਰਤੋ :-**

ਕਸਮ, ਜ਼ੁਲਮ, ਮਜ਼ਲੂਮ, ਦਰਦਨਾਕ, ਬੇਸ਼ੁਮਾਰ, ਰਸਦ-ਪਾਣੀ, ਸਨਾਟਾ

5. **ਹੇਠਾਂ ਗੁਰਮੁਖੀ ਅਤੇ ਦੇਵਨਾਗਰੀ ਵਿੱਚ ਦਿੱਤੇ ਸ਼ਬਦ-ਜੋੜਾਂ ਦੇ ਅੰਤਰ ਨੂੰ ਸਮਝੋ ਅਤੇ ਗੁਰਮੁਖੀ ਵਿੱਚ ਲਿਖੇ ਸ਼ਬਦਾਂ ਨੂੰ ਲਿਖਣ ਦਾ ਅਭਿਆਸ ਕਰੋ:**

| | | |
|---|---|---|
| ਲਗ-ਪਗ | : | लगभग |
| ਦੇਸ | : | देश |
| ਫ਼ੌਜਾਂ | : | सेनाएं |
| ਇਨਾਮ | : | पुरस्कार |
| ਪ੍ਰੇਰਨਾ | : | प्रेरणा |
| ਬੱਚਿਆਂ | : | बच्चों |

6. **ਹੇਠਾਂ ਇੱਕ ਹੀ ਸ਼ਬਦ ਲਈ ਪੰਜਾਬੀ ਅਤੇ ਹਿੰਦੀ ਵਿੱਚ ਭਿੰਨ-ਭਿੰਨ ਸ਼ਬਦ ਹਨ। ਇਹਨਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਪੰਜਾਬੀ ਦੇ ਸ਼ਬਦਾਂ ਨੂੰ ਲਿਖਣ ਦਾ ਅਭਿਆਸ ਕਰੋ:**

| | | | | | |
|---|---|---|---|---|---|
| ਸਾਡੇ | : | हमारे | ਔਖੀ | : | कठिन |
| ਮੀਂਹ | : | वर्षा | ਬਾਕੀ | : | शेष |
| ਹੜ੍ਹ | : | बाढ़ | ਨਿੱਕੇ | : | छोटे |

ਆਪਣੇ ਨਜ਼ਦੀਕ ਲੱਗੇ ਕਿਸੇ ਮੇਲੇ ਬਾਰੇ ਪੰਜ ਕੁ ਸਤਰਾਂ ਲਿਖੋ।

ਪਾਠ-17

# ਸਾਡਾ ਸਕੂਲ




ਸਾਡੇ ਸਕੂਲ ਵਿੱਚ, ਹੁੰਦੀ ਹੈ ਪੜ੍ਹਾਈ ਵਧੀਆ,
ਇਹਨੇ ਵਿੱਦਿਆ ਦੀ ਜੋਤ ਹੈ, ਜਗਾਈ ਵਧੀਆ।
ਸੋਹਣੇ ਚਿੱਤਰਾਂ ਦੇ ਨਾਲ਼, ਨੇ ਸ਼ਿੰਗਾਰੇ ਕਮਰੇ,
ਨਿੱਤ ਹੁੰਦੀ ਰਹਿੰਦੀ, ਇਹਨਾਂ ਦੀ ਸਫ਼ਾਈ ਵਧੀਆ।

ਇੱਥੇ ਛਾਂਦਾਰ ਬਿਰਖਾਂ ਨੇ, ਲਾਈਆਂ ਰੌਣਕਾਂ।
ਸਾਡੇ ਵਿਹੜੇ ਵਿੱਚ ਫੁੱਲਾਂ ਨੇ, ਵਧਾਈਆਂ ਰੌਣਕਾਂ।
ਪੂਰੀ ਫ਼ਿਜ਼ਾ ਹੀ ਹੈ ਰਹਿੰਦੀ, ਮਹਿਕਾਈ ਵਧੀਆ।
ਸਾਡੇ ਸਕੂਲ.................।

ਬਾਹਰ ਕੰਧਾਂ ਉੱਤੇ ਲਿਖੇ, ਉਪਦੇਸ਼ ਦਿਸਦੇ।
ਚੰਗੇ ਜੀਵਨ ਲਈ ਦਿੰਦੇ, ਇਹ ਸੰਦੇਸ ਦਿਸਦੇ।
ਦਿਲ ਟੁੰਬਦੀ ਹੈ ਇਹਨਾਂ ਦੀ, ਲਿਖਾਈ ਵਧੀਆ।
ਸਾਡੇ ਸਕੂਲ.................।

ਇੱਥੇ ਪੁਸਤਕਾਂ ਦੀ ਰਹਿੰਦੀ ਸਾਨੂੰ, ਥੋੜ ਕੋਈ ਨਾ।
ਰੋਟੀ ਘਰੋਂ ਲੈ ਕੇ ਆਉਣ ਦੀ ਵੀ, ਲੋੜ ਕੋਈ ਨਾ।
ਸਕੂਲ ਵਿੱਚੋਂ ਮਿਲ਼ੇ, ਪੱਕੀ ਤੇ ਪਕਾਈ ਵਧੀਆ।
ਹੁੰਦੀ ਸਾਡੇ..........................

ਇੱਥੇ ਸ਼ੁੱਧ ਪਾਣੀ, ਸ਼ੁੱਧ ਹੀ ਹਵਾ ਮਿਲ਼ਦੀ।
ਰਤਾ ਢਿੱਲੇ-ਮੱਠੇ ਹੋਈਏ, ਤਾਂ ਦਵਾ ਮਿਲ਼ਦੀ।
ਚੰਗੀ ਸੋਚ ਲਈ ਮਿਲ਼ੇ, ਅਗਵਾਈ ਵਧੀਆ।
ਸਾਡੇ ਸਕੂਲ.................।

ਇੱਥੇ ਮਾਪੇ-ਅਧਿਆਪਕਾਂ ਦਾ, ਹੁੰਦਾ ਹੈ ਮਿਲ਼ਾਪ।
ਮਾਪੇ ਬੱਚਿਆਂ ਦੇ ਬਾਰੇ, ਸਭ ਜਾਣ ਲੈਂਦੇ ਆਪ।
ਚੰਗੇ ਬੱਚਿਆਂ ਨੂੰ ਮਿਲ਼ੇ, ਵਡਿਆਈ ਵਧੀਆ।
ਸਾਡੇ ਸਕੂਲ.................।

## ਔਖੇ ਸ਼ਬਦਾਂ ਦੇ ਅਰਥ :-

| | | |
|---|---|---|
| ਜੋਤ | : | ਰੋਸ਼ਨੀ, ਪ੍ਰਕਾਸ਼, ਚਮਕ |
| ਫ਼ਿਜ਼ਾ | : | ਵਾਤਾਵਰਨ, ਮਾਹੌਲ |
| ਸੰਦੇਸ | : | ਸੁਨੇਹਾ |
| ਰੁਚੀ | : | ਦਿਲਚਸਪੀ, ਚਾਹ, ਇੱਛਾ, ਝੁਕਾਅ |
| ਸ਼ਿੰਗਾਰੇ | : | ਸਜਾਏ ਹੋਏ, ਸੁਆਰੇ ਹੋਏ |
| ਉਪਦੇਸ਼ | : | ਸਿੱਖਿਆ, ਗੁਰੂ ਦੀ ਮੱਤ, ਨਸੀਹਤ |
| ਦਿਲ ਟੁੰਬਦੀ | : | ਦਿਲ ਨੂੰ ਖਿੱਚ ਪਾਉਂਦੀ |

## ਪਾਠ-ਅਭਿਆਸ

1. **ਖ਼ਾਲੀ ਸਥਾਨ ਭਰੋ:-**

ੳ. ਸੋਹਣੇ ਚਿੱਤਰਾਂ ਦੇ ਨਾਲ਼ ਨੇ, ਸ਼ਿੰਗਾਰੇ................।
ਅ. ਚੰਗੇ ਜੀਵਨ ਲਈ ਦਿੰਦੇ, ਇਹ...................... ਦਿਸਦੇ।
ੲ. ਸਕੂਲ ਵਿੱਚੋਂ ਮਿਲ਼ੇ, ਪੱਕੀ ਤੇ ਪਕਾਈ..............।
ਸ. ਚੰਗੀ ਸੋਚ ਲਈ ਮਿਲ਼ੇ................ਵਧੀਆ।
ਹ. ਮਾਪੇ ਬੱਚਿਆਂ ਦੇ ਬਾਰੇ, ਸਭ...............ਲੈਂਦੇ ਆਪ।

2. ਇੱਕ-ਦੋ ਸ਼ਬਦਾਂ ਵਿੱਚ ਉੱਤਰ ਦਿਓ-

ੳ. ਸਾਡੇ ਸਕੂਲ ਵਿੱਚ ਪੜ੍ਹਾਈ ਕਿਹੋ-ਜਿਹੀ ਹੁੰਦੀ ਹੈ?

ਅ. ਇਸ ਦੇ ਕਮਰੇ ਕਿਹੋ-ਜਿਹੇ ਹਨ?

ੲ. ਵਿਹੜੇ ਵਿੱਚ ਰੌਣਕ ਕਿਸ ਨੇ ਲਾਈ ਹੋਈ ਹੈ?

ਸ. ਉਪਦੇਸ਼ ਕਿੱਥੇ ਲਿਖੇ ਹੋਏ ਹਨ?

ਹ. ਚੰਗੇ ਬੱਚਿਆਂ ਨੂੰ ਕੀ ਮਿਲ਼ਦਾ ਹੈ?

3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :-

ਹਵਾਦਾਰ, ਚਿੱਤਰ, ਛਾਂਦਾਰ, ਰੌਣਕਾਂ, ਸੰਦੇਸ, ਰੁਚੀ

4. ਹੇਠ ਲਿਖੇ ਗੁਰਮੁਖੀ ਅਤੇ ਦੇਵਨਾਗਰੀ ਵਿੱਚ ਦਿੱਤੇ ਸ਼ਬਦ-ਜੋੜਾਂ ਦੇ ਅੰਤਰ ਨੂੰ ਸਮਝੋ ਅਤੇ ਗੁਰਮੁਖੀ ਵਿੱਚ ਲਿਖੇ ਸ਼ਬਦਾਂ ਨੂੰ ਲਿਖਣ ਦਾ ਅਭਿਆਸ ਕਰੋ:-

| | | |
|---|---|---|
| ਸੰਦੇਸ | : | सन्देश |
| ਬਿਰਖ | : | वृक्ष |
| ਭੰਗੜਾ | : | भांगडा |
| ਚਿੱਤਰ | : | चित्र |
| ਫੁੱਲ | : | फूल |
| ਕਵਿਤਾ | : | कविता |
| ਮਿਲ਼ਾਪ | : | मिलाप |

ਇੱਕ ਆਦਰਸ਼ ਸਕੂਲ ਕਿਹੋ-ਜਿਹਾ ਹੋਣਾ ਚਾਹੀਦਾ ਹੈ? ਇਸ ਬਾਰੇ ਆਪਣੇ ਸਾਥੀਆਂ ਨਾਲ਼ ਚਰਚਾ ਕਰੋ।

ਪਾਠ-18

# ਸੋਨੇ ਦੀ ਪਾਲਕੀ

ਇੱਕ ਸਮੇਂ ਦੀ ਗੱਲ ਹੈ । ਬੰਗਾਲ ਵਿੱਚ ਰਵੀ ਨਾਂ ਦਾ ਇੱਕ ਪੰਜ ਸਾਲ ਦਾ ਬਾਲਕ ਸੀ। ਬਾਲਕ ਦੇ ਘਰ ਵਾਲ਼ੇ ਬੜੇ ਅਮੀਰ ਸਨ ਪਰ ਹੌਲ਼ੀ-ਹੌਲ਼ੀ ਇਹ ਦੌਲਤ ਘੱਟ ਹੋਣ ਲੱਗੀ। ਹੁਣ ਤਾਂ ਪੁਰਾਣੇ ਵੇਲ਼ੇ ਦੀਆਂ ਕੁਝ ਟੁੱਟੀਆਂ-ਫੁੱਟੀਆਂ ਨਿਸ਼ਾਨੀਆਂ ਹੀ ਬਾਕੀ ਰਹਿ ਗਈਆਂ ਸਨ। ਉਹਨਾਂ ਨਿਸ਼ਾਨੀਆਂ 'ਚੋਂ ਇੱਕ ਸੀ; ਪੁਰਾਣੀ ਪਾਲਕੀ, ਬਹੁਤ ਵੱਡੀ ਅਤੇ ਸ਼ਾਨਦਾਰ।

ਪਰ ਉਹ ਕੰਮ ਵਿੱਚ ਨਹੀਂ ਆਉਂਦੀ ਸੀ। ਉਸ ਦਾ ਰੰਗ ਫਿੱਕਾ ਪੈ ਚੁੱਕਿਆ ਸੀ ਅਤੇ ਉਹ ਇੱਕ ਬਰਾਂਡੇ ਦੇ ਇੱਕ ਖੂੰਜੇ ਵਿੱਚ ਫ਼ਾਲਤੂ ਹੀ ਪਈ ਰਹਿੰਦੀ ਸੀ। ਜੇਕਰ ਘਰ ਵਿੱਚ ਕਿਸੇ ਨੂੰ ਉਸ ਪਾਲਕੀ ਨਾਲ਼ ਪਿਆਰ ਸੀ ਤਾਂ ਸਿਰਫ਼ ਰਵੀ ਨੂੰ। ਆਪਣੀ ਛੁੱਟੀ ਦੇ ਸਮੇਂ ਉਹ ਇਸ ਪਾਲਕੀ ਦੇ ਪਰਦੇ ਸੁੱਟ ਕੇ, ਸਾਰੇ ਦਰਵਾਜ਼ੇ ਬੰਦ ਕਰਕੇ ਬੈਠ ਜਾਂਦਾ ਸੀ। ਇਸ ਇਕਾਂਤ ਵਿੱਚ ਰਵੀ ਨੂੰ ਬੜਾ ਅਨੰਦ ਆਉਂਦਾ ਸੀ। ਪਾਲਕੀ ਵਿੱਚ ਬੈਠ ਕੇ ਉਹ ਤਰ੍ਹਾਂ-ਤਰ੍ਹਾਂ ਦੀਆਂ ਕਲਪਨਾਵਾਂ ਕਰਦਾ ਸੀ।

ਇੱਕ ਦਿਨ ਦੀ ਗੱਲ ਹੈ, ਰਵੀ ਦੇ ਘਰ ਵਿੱਚ ਕੋਈ ਤਿਉਹਾਰ ਮਨਾਇਆ ਜਾ ਜਿਹਾ ਸੀ। ਘਰ ਦੀ ਨੌਕਰਾਣੀ ਭਾਜੀ ਦੀ ਟੋਕਰੀ ਰੱਖੀ ਇੱਧਰ-ਉੱਧਰ ਆ-ਜਾ ਰਹੀ ਸੀ। ਨੌਕਰ 'ਦੁਖੋ' ਗੰਗਾ ਜੀ ਤੋਂ ਪਾਣੀ ਲਿਆ ਰਿਹਾ ਸੀ। ਉਹ ਵਹਿੰਗੀ ਨੂੰ ਮੋਢਿਆਂ 'ਤੇ ਰੱਖ ਕੇ ਲਿਆਉਂਦਾ ਸੀ ਅਤੇ ਭਾਰ ਨਾਲ਼ ਦੂਹਰਾ ਹੋ ਜਾਂਦਾ ਸੀ। ਗਲ਼ੀ ਦੇ ਦੂਸਰੇ ਸਿਰੇ ਵਾਲ਼ੇ ਕਮਰੇ ਵਿੱਚ ਬੈਠਾ 'ਦੀਨੂ' ਸੁਨਿਆਰਾ ਆਪਣੀ ਛੋਟੀ ਜਿਹੀ ਧੌਂਕਣੀ ਫੂਕ ਰਿਹਾ ਸੀ। ਉਸ ਨੇ ਰਵੀ ਦੇ ਘਰ-ਪਰਿਵਾਰ ਵਾਲ਼ਿਆਂ ਵਾਸਤੇ ਗਹਿਣੇ ਤਿਆਰ ਕਰਨੇ ਸਨ। ਸਾਮ੍ਹਣੇ ਦੇ ਵਿਹੜੇ ਵਿੱਚ ਦਰਬਾਨ ਮੁਕੰਦ ਲਾਲ, ਕਾਲ਼ੇ ਪਹਿਲਵਾਨ ਤੋਂ ਕੁਸ਼ਤੀ ਦੇ ਦਾਅ-ਪੇਚ ਸਿੱਖ ਰਿਹਾ ਸੀ। ਘਰ ਦੇ ਦੂਸਰੇ ਲੋਕ ਉਹਨਾਂ ਨੂੰ ਦੇਖ-ਦੇਖ ਕੇ ਹੱਸ ਰਹੇ ਸਨ। ਪਰੰਤੂ ਰਵੀ ਸਾਰਿਆਂ ਦੀ ਨਜ਼ਰ ਬਚਾ ਕੇ ਉਸ ਪੁਰਾਣੀ ਪਾਲਕੀ ਵਿੱਚ ਜਾ ਬੈਠਾ।



ਪਾਲਕੀ

ਉਸ ਨੇ ਪਾਲਕੀ ਦੇ ਪਰਦੇ ਸੁੱਟ ਲਏ ਅਤੇ ਉਸ ਦੇ ਸਾਰੇ ਦਰਵਾਜ਼ੇ ਵੀ ਬੰਦ ਕਰ ਲਏ। ਤਦ ਉਸ ਹੌਲ਼ੀ ਜਿਹੇ ਕਿਹਾ,"ਪਾਲਕੀ ਰਾਣੀ ! ਇਸ ਭੀੜ-ਭਾੜ ਵਿੱਚ ਮੇਰਾ ਮਨ ਨਹੀਂ ਲੱਗਦਾ। ਰੌਲ਼ੇ ਨਾਲ਼ ਮੇਰਾ ਸਿਰ ਫਟਦਾ ਜਾ ਰਿਹਾ ਹੈ। ਤੂੰ ਮੈਨੂੰ ਇੱਥੋਂ ਕਿਤੇ ਦੂਰ ਸੈਰ ਕਰਾਉਣ ਲੈ ਚੱਲ।" ਤਦ ਰਵੀ ਆਪਣੀਆਂ ਅੱਖਾਂ ਬੰਦ ਕਰਕੇ ਪਾਲਕੀ ਵਿੱਚ ਲੰਮਾ ਪੈ ਗਿਆ। ਤਦੇ ਲੱਗਿਆ ਜਿਵੇਂ ਪਾਲਕੀ ਪੁੱਛ ਰਹੀ ਹੈ, "ਕਿੱਥੇ ਜਾਣਾ ਚਾਹੁੰਨਾ ਏਂ, ਰਵੀ ਬੇਟੇ !" "ਕਿਤੇ ਦੂਰ ਜੰਗਲ਼ ਵਿੱਚ ਲੈ ਚੱਲੋ, ਪਾਲਕੀ ਰਾਣੀ ! ਜਿੱਥੇ ਸ਼ੋਰ ਨਾ ਹੋਵੇ, ਭੀੜ ਨਾ ਹੋਵੇ ਅਤੇ ਚਾਰੇ ਪਾਸੇ ਸ਼ਾਂਤੀ ਹੋਵੇ।"

ਪਾਲਕੀ ਉੱਡਣ ਲੱਗੀ। ਰਵੀ ਪਿਆ-ਪਿਆ ਹੀ ਝੁਕ ਕੇ ਥੱਲੇ ਖਿੱਲਰੇ ਹੋਏ ਸੁੰਦਰ ਸ਼ਹਿਰ ਨੂੰ ਦੇਖਣ ਲੱਗਾ। ਇੱਕ ਵੱਡੇ ਸਾਰੇ ਸ਼ਹਿਰ ਨੂੰ ਦੇਖ ਕੇ ਰਵੀ ਨੇ ਪਾਲਕੀ ਤੋਂ ਪੁੱਛਿਆ,"ਪਾਲਕੀ ਰਾਣੀ ! ਇਸ ਸੁੰਦਰ ਸ਼ਹਿਰ ਦਾ ਨਾਂ ਕੀ ਹੈ?"

"ਇਸ ਦਾ ਨਾਂ ਅਜੇ ਰੱਖਿਆ ਹੀ ਨਹੀਂ ਗਿਆ, ਰਵੀ ! ਤੂੰ ਹੀ ਕੋਈ ਸੋਹਣਾ ਜਿਹਾ ਨਾਂ ਰੱਖ ਦੇ।" ਪਾਲਕੀ ਨੇ ਉੱਡਦੇ ਹੋਏ ਕਿਹਾ। "ਕੀ? ਨਾਂ ਵੀ ਮੈਨੂੰ ਹੀ ਰੱਖਣਾ ਪਵੇਗਾ। ਹੁਣ ਇਹ ਕੰਮ ਤਾਂ ਘਰ ਜਾ ਕੇ ਕਰਾਂਗੇ। ਅਸੀਂ ਇੱਥੇ ਸੈਰ ਕਰਨ ਆਏ ਹਾਂ ਜਾਂ ਨਾਂ ਰੱਖਣ? ਚੱਲੋ ਅਜੇ ਤਾਂ ਅੱਗੇ ਉੱਡੋ।"

ਅਚਾਨਕ ਪਾਲਕੀ ਹੇਠਾਂ ਆਉਣ ਲੱਗੀ। ਉਹ ਇੱਕ ਖੁੱਲ੍ਹੇ ਮੈਦਾਨ ਵਿੱਚ ਆ ਕੇ ਰੁਕ ਗਈ। ਰਵੀ ਪਾਲਕੀ ਵਿੱਚ ਪਿਆ-ਪਿਆ ਹੀ ਚਾਰੇ ਪਾਸੇ ਪ੍ਰਸੰਨ ਮਨ ਨਾਲ਼ ਦੇਖਣ ਲੱਗਾ। ਤਦੇ ਉਸ ਨੂੰ ਅੰਗਾਰੇ ਦੀ ਤਰ੍ਹਾਂ ਦਹਿਕਦੀਆਂ ਹੋਈਆਂ ਦੋ ਅੱਖਾਂ ਦਿਖਾਈ ਦਿੱਤੀਆਂ। ਰਵੀ ਡਰ ਨਾਲ਼ ਚੀਕਣਾ ਚਾਹੁੰਦਾ ਸੀ ਕਿ ਪਾਲਕੀ ਨੇ ਮਿੱਠੀ ਸੁਰ ਵਿੱਚ ਕਿਹਾ,"ਡਰਨ ਦੀ ਕੋਈ ਗੱਲ ਨਹੀਂ ਹੈ, ਬੇਟੇ ਰਵੀ ! ਆਪਣੇ ਘਰ ਦੇ ਸ਼ਿਕਾਰੀ ਵਿਸ਼ਵਨਾਥ ਕਾਕਾ ਵੀ ਤਾਂ ਇੱਥੇ ਆਏ ਹੋਏ ਹਨ। ਉਹ ਇਸ ਚੀਤੇ ਨੂੰ ਡਰਾ ਕੇ ਭਜਾ ਦੇਣਗੇ।"

ਰਵੀ ਦੀ ਜਾਨ ਵਿੱਚ ਜਾਨ ਆਈ। ਹੁਣ ਤਾਂ ਜੰਗਲ਼ ਵਿੱਚ ਠਹਿਰਨਾ ਚੰਗਾ ਨਹੀਂ ਲੱਗ ਰਿਹਾ ਸੀ। ਉਸ ਨੇ ਪਾਲਕੀ ਨੂੰ ਕਿਹਾ,"ਪਾਲਕੀ ਰਾਣੀ ! ਚੱਲੋ, ਅਸੀਂ ਸਮੁੰਦਰ ਦੀ ਸੈਰ ਕਰੀਏ।"

ਪਾਲਕੀ ਤੁਰੰਤ ਹੀ ਉੱਡਣ ਲੱਗੀ। ਉਹ ਕੰਢੇ ਤੋਂ ਬਹੁਤ ਦੂਰ ਸਮੁੰਦਰ ਦੇ ਵਿੱਚ ਉੱਡਦੀਆਂ ਹੋਈਆਂ ਲਹਿਰਾਂ 'ਤੇ ਜਾ ਰੁਕੀ। ਉਹ ਲਹਿਰਾਂ 'ਤੇ ਕਿਸ਼ਤੀ ਦੀ ਤਰ੍ਹਾਂ ਥਿਰਕ-ਥਿਰਕ ਕੇ ਨੱਚਣ ਲੱਗੀ। ਰਵੀ ਨੂੰ ਇਸ ਵਿੱਚ ਬੜਾ ਮਜ਼ਾ ਆਇਆ। ਪਰ ਛੇਤੀ ਹੀ ਉਸ ਨੂੰ ਲੱਗਾ ਕਿ ਸਮੁੰਦਰ ਦਾ ਪਾਣੀ ਖੌਰੂ ਪਾ ਰਿਹਾ ਸੀ। ਕਿਸ਼ਤੀ ਬਣੀ ਪਾਲਕੀ ਵਿੱਚ ਕਾਫ਼ੀ ਸਾਰਾ ਪਾਣੀ ਭਰ ਗਿਆ ਸੀ ਅਤੇ ਉਹ ਜ਼ੋਰ-ਜ਼ੋਰ ਨਾਲ਼ ਡੋਲਣ ਲੱਗੀ।

ਰਵੀ ਡਰ ਗਿਆ। ਉਹ ਆਪਣੇ ਨਿੱਕੇ-ਨਿੱਕੇ ਹੱਥਾਂ ਨਾਲ਼ ਪਾਣੀ ਬਾਹਰ ਕੱਢਣ ਲੱਗਾ ਪਰ ਪਾਣੀ ਖ਼ਤਮ ਨਹੀਂ ਹੋ ਰਿਹਾ ਸੀ। ਤਦੇ ਉਸ ਦੇ ਕੰਨੀਂ ਪਾਲਕੀ ਦੀ ਅਵਾਜ਼ ਪਈ,"ਤੂੰ ਕਿਉਂ ਪਰੇਸ਼ਾਨ ਹੋ ਰਿਹਾ ਏਂ, ਰਵੀ ਬੇਟੇ ! ਆਪਣਾ ਮਲਾਹ ਅਬਦੁਲ ਜਦ ਸਾਡੇ ਨਾਲ਼ ਹੈ ਤਾਂ ਸਾਡੀ ਕਿਸ਼ਤੀ ਕਿਵੇਂ ਡੁੱਬ ਸਕਦੀ ਹੈ?" ਉਸੇ ਸਮੇਂ ਹੱਥ ਜੋੜੀ ਅਬਦੁਲ ਦਿਖਾਈ ਦਿੱਤਾ। ਉਸ ਨੇ ਰਵੀ ਨੂੰ ਆਪਣੀ ਗੋਦ ਵਿੱਚ ਚੁੱਕ ਲਿਆ ਅਤੇ ਬੋਲਿਆ, "ਰਵੀ ! ਦੇਖ, ਸਮੁੰਦਰ ਕਿੰਨਾ ਸ਼ਾਂਤ ਅਤੇ ਸੁੰਦਰ ਲੱਗ ਰਿਹਾ ਹੈ ! ਬੋਲ, ਹੁਣ ਮੈਂ ਤੈਨੂੰ ਕਿਹੜੀ ਕਹਾਣੀ ਸੁਣਾਵਾਂ?" "ਉਹੀ ਕਹਾਣੀ, ਜਦ ਤੁਸੀਂ ਆਪਣੀ ਛੋਟੀ ਜਿਹੀ ਕਿਸ਼ਤੀ ਵਿੱਚ ਬੈਠ ਕੇ ਮੱਛੀਆਂ ਫੜਨ ਗਏ ਸੀ," ਰਵੀ ਨੇ ਕਿਹਾ।

"ਅੱਛਾ! ਉਹੀ ਕਹਾਣੀ ਸੁਣ। ਅਬਦੁੱਲ ਨੇ ਕਿਸ਼ਤੀ ਚਲਾਉਂਦੇ ਹੋਏ ਕਿਹਾ,"ਇੱਕ ਦਿਨ ਮੈਂ ਮੱਛੀਆਂ ਫੜਨ ਗਿਆ ਤਾਂ ਅਚਾਨਕ ਸਮੁੰਦਰ ਵਿੱਚ ਬੜੇ ਜ਼ੋਰ ਦਾ ਤੂਫ਼ਾਨ ਉੱਠ ਆਇਆ। ਮੈਂ ਕਿਸ਼ਤੀ ਖਿੱਚਣ ਵਾਲ਼ੀ ਰੱਸੀ ਨੂੰ ਦੰਦਾਂ ਨਾਲ਼ ਖਿੱਚਦਾ ਹੋਇਆ ਕਿਸ਼ਤੀ ਕੰਢੇ ਤੱਕ ਲੈ ਆਇਆ। ਜਿਉਂ ਹੀ ਮੈਂ ਕੰਢੇ 'ਤੇ ਆਇਆ ਤਾਂ ਇੱਕ ਚੀਤੇ ਨੇ

ਮੇਰੇ 'ਤੇ ਹਮਲਾ ਕਰ ਦਿੱਤਾ।

ਰਵੀ ਦੀਆਂ ਅੱਖਾਂ ਵਿੱਚ ਡਰ ਦੇਖ ਕੇ ਅਬਦੁਲ ਬੋਲਿਆ,"ਦੇਖ, ਰਵੀ ! ਮੈਂ ਐਨਾ ਵੱਡਾ ਹਾਂ, ਭਲਾ ਚੀਤੇ ਦੇ ਢਿੱਡ ਵਿੱਚ ਕਿਵੇਂ ਸਮਾਉਂਦਾ? ਜਿਉਂ ਹੀ ਉਹ ਮੇਰੇ ਕੋਲ਼ ਆਇਆ, ਮੈਂ ਕਿਸ਼ਤੀ ਖਿੱਚਣ ਵਾਲ਼ੀ ਰੱਸੀ ਦਾ ਫੰਦਾ ਪਾ ਕੇ ਚੀਤੇ ਦਾ ਗਲ਼ਾ ਫੜ ਲਿਆ। ਉਸ ਚੀਤੇ ਨੇ ਬਹੁਤ ਸਾਰੇ ਆਦਮੀ ਖਾਧੇ ਹੋਣਗੇ ਪਰ ਅਬਦੁੱਲ ਨਾਲ਼ ਵਾਹ ਉਸੇ ਦਿਨ ਪਿਆ ਸੀ। ਮੈਂ ਤਾਂ ਚੀਤੇ ਦੇ ਮੋਢਿਆਂ 'ਤੇ ਚੱਪੂ ਰੱਖ ਦਿੱਤਾ ਅਤੇ ਆਪਣੀ ਕਿਸ਼ਤੀ ਪਾਣੀ ਵਿੱਚ ਚਾਲ਼ੀ ਮੀਲ ਤੱਕ ਉਸੇ ਕੋਲ਼ੋਂ ਖਿਚਵਾਈ। ਹੁਣ ਅੱਗੇ ਕੀ ਹੋਇਆ, ਇਹ ਨਾ ਪੁੱਛਣਾ, ਰਵੀ !"

"ਕੀ ਉਸ ਚੀਤੇ ਨੇ ਤੁਹਾਨੂੰ ਖਾ ਲਿਆ ਸੀ, ਅਬਦੁੱਲ ਚਾਚਾ?" ਰਵੀ ਦੀਆਂ ਅੱਖਾਂ ਡਰ ਨਾਲ਼ ਸੁੰਗੜ ਗਈਆਂ ਸਨ।

"ਨਹੀਂ, ਰਵੀ ਉਹ ਚੀਤਾ ਮੈਨੂੰ ਕਿਵੇਂ ਖਾ ਸਕਦਾ ਸੀ? ਉਹ ਤਾਂ ਦੂਸਰੀ ਹੀ ਗੱਲ ਸੀ।"

"ਤਾਂ ਫੇਰ ਦੱਸੋ ਨਾ ! ਕੀ ਗੱਲ ਸੀ?" ਰਵੀ ਨੇ ਮਚਲ ਕੇ ਪੁੱਛਿਆ।

"ਹੋਇਆ ਇਹ ਕਿ ਉਹ ਚੀਤਾ ਪਾਣੀ ਵਿੱਚ ਗੋਤਾ ਖਾ ਗਿਆ। ਮੇਰੀ ਕਹਾਣੀ ਵੀ ਉਸੇ ਨਾਲ਼ ਹੀ ਸਮੁੰਦਰ ਦੇ ਥੱਲੇ ਚਲੀ ਗਈ। ਹੁਣ ਉਹਨੂੰ ਕੱਢਣ ਵਿੱਚ ਕੁਝ ਸਮਾਂ ਤਾਂ ਲੱਗੇਗਾ ਹੀ ਨਾ !" ਅਬਦੁੱਲ ਨੇ ਸਮਝਾਇਆ ਪਰ ਰਵੀ ਨੇ ਕਹਾਣੀ ਸੁਣਨ ਦਾ ਹਠ ਨਹੀਂ ਛੱਡਿਆ। ਤਦ ਅਬਦੁਲ ਕਹਾਣੀ ਲੱਭਣ ਸਮੁੰਦਰ ਵਿੱਚ ਕੁੱਦ ਪਿਆ। ਅਬਦੁਲ ਦੇ ਜਾਂਦੇ ਹੀ ਸਮੁੰਦਰ ਫਿਰ ਰੌਲ਼ਾ ਪਾਉਣ ਲੱਗਾ। ਵੱਡੀਆਂ-ਵੱਡੀਆਂ ਲਹਿਰਾਂ ਪਾਲਕੀ ਨੂੰ ਉਛਾਲ਼ਨ ਲੱਗੀਆਂ।

ਪਾਲਕੀ ਬੁਰੀ ਤਰ੍ਹਾਂ ਨਾਲ਼ ਡਗਮਗਾਉਣ ਲੱਗੀ। ਰਵੀ ਡਰ ਨਾਲ਼ ਚੀਕਾਂ ਮਾਰਨ ਲੱਗਾ। ਤਦੇ ਉਸ ਨੇ ਆਪਣੇ ਪਿਤਾ ਜੀ ਦਾ ਘਬਰਾਇਆ ਹੋਇਆ ਬੋਲ ਸੁਣਿਆ, "ਰਵੀ ਬੇਟੇ ! ਕੀ ਹੋਇਆ? ਇਸ ਬੰਦ ਪਾਲਕੀ ਵਿੱਚ ਤੂੰ ਕੀ ਕਰ ਰਿਹਾ ਏਂ? "

ਉਸ ਵਕਤ ਤਾਂ ਰਵੀ ਪਾਲਕੀ 'ਚੋਂ ਬਾਹਰ ਨਿਕਲ਼ ਆਇਆ ਪਰ ਉਸ ਨੇ ਜਾਦੂ ਦੀ ਪਾਲਕੀ ਵਿੱਚ ਸੌਣਾ ਅਤੇ ਤਰ੍ਹਾਂ-ਤਰ੍ਹਾਂ ਦੀਆਂ ਕਲਪਨਾਵਾਂ ਕਰਨਾ ਨਹੀਂ ਛੱਡਿਆ।

ਇਸ ਕਥਾ ਦਾ ਬਾਲਕ ਵੱਡਾ ਹੋ ਕੇ ਵਿਸ਼ਵ-ਕਵੀ ਰਾਬਿੰਦਰਨਾਥ ਟੈਗੋਰ ਦੇ ਨਾਂ ਨਾਲ਼ ਪ੍ਰਸਿੱਧ ਹੋਇਆ।

ਬਚਪਨ ਵਿੱਚ ਕੀਤੀਆਂ ਕਲਪਨਾਵਾਂ ਨੂੰ ਉਹਨਾਂ ਨੇ ਸੁੰਦਰ ਰੂਪ ਵਿੱਚ ਸਜਾ ਕੇ ਦੁਨੀਆ ਦੇ ਸਾਮ੍ਹਣੇ ਰੱਖਿਆ। ਆਪਣੀ ਉਸ ਪੁਰਾਣੀ ਪਾਲਕੀ ਨੂੰ ਉਹ 'ਜਾਦੂ ਦੀ ਪਾਲਕੀ' ਕਿਹਾ ਕਰਦੇ ਸਨ ਅਤੇ ਬੁੱਢੇ ਹੋ ਜਾਣ 'ਤੇ ਵੀ ਉਸ ਵਿੱਚ ਲੰਮਿਆਂ ਪੈਣ ਦਾ ਮੋਹ ਨਹੀਂ ਛੱਡ ਸਕੇ ਸਨ।

### ਔਖੇ ਸ਼ਬਦਾਂ ਦੇ ਅਰਥ:

| | | |
|---|---|---|
| ਪਾਲਕੀ | - | ਡੋਲ਼ੀ |
| ਇਕਾਂਤ | - | ਜਿੱਥੇ ਹੋਰ ਕੋਈ ਨਾ ਹੋਵੇ, ਨਵੇਕਲ਼ਾ |
| ਦਹਿਕਦੀਆਂ | - | ਅੰਗਿਆਰਿਆਂ ਵਾਂਗ ਭਖਦੀਆਂ, ਮਘਦੀਆਂ |
| ਖੌਰੂ | - | ਸ਼ੋਰ, ਰੌਲ਼ਾ |
| ਮਚਲ ਕੇ | - | ਚਾਮ੍ਹਲ ਕੇ, ਮਸਤ ਕੇ |
| ਕਲਪਨਾਵਾਂ | - | ਫੁਰਨੇ, ਮਿਥੀਆਂ ਗੱਲਾਂ |

## ਪਾਠ-ਅਭਿਆਸ

1. **ਖ਼ਾਲੀ ਸਥਾਨ ਭਰੋ:**

1. ............ਵਿੱਚ ਰਵੀ ਨਾਂ ਦਾ ਪੰਜ ਸਾਲ ਦਾ ਬਾਲਕ ਸੀ।

2. ਉਸ ਦਾ ਰੰਗ................ਪੈ ਚੁੱਕਾ ਸੀ।

3. ਰਵੀ ਡਰ ਨਾਲ਼.............ਚਾਹੁੰਦਾ ਸੀ।

4. ਪਾਣੀ ਬਹੁਤ...........ਪਾ ਰਿਹਾ ਸੀ।

5. ਪਾਲਕੀ ਬੁਰੀ ਤਰ੍ਹਾਂ.....................ਲੱਗੀ।

2. **ਇੱਕ-ਦੋ ਸ਼ਬਦਾਂ ਵਿੱਚ ਉੱਤਰ ਦਿਓ :-**

ੳ. ਰਵੀ ਕਿਸ ਪ੍ਰਾਂਤ ਦਾ ਵਸਨੀਕ ਸੀ?

ਅ. ਰਵੀ ਕਿਸ ਚੀਜ਼ ਨੂੰ ਪਿਆਰ ਕਰਦਾ ਸੀ?

ੲ. ਰਵੀ ਕਿਸ ਚੀਜ਼ ਵਿੱਚ ਬਹਿ ਕੇ ਸੈਰ ਕਰਨ ਗਿਆ?

ਸ. ਅੰਗਾਰੇ ਦੀ ਤਰ੍ਹਾਂ ਦਹਿਕਦੀਆਂ ਦੋ ਅੱਖਾਂ ਕਿਸ ਦੀਆਂ ਸਨ?

ਹ. ਰਵੀ ਪਾਲਕੀ ਵਿੱਚ ਸੱਚ-ਮੁੱਚ ਉੱਡਿਆ ਸੀ ਕਿ ਕਲਪਨਾ ਵਿੱਚ?

3. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

ੳ. ਰਵੀ ਦੇ ਘਰ ਪੁਰਾਣੀ ਪਾਲਕੀ ਦੀ ਕੀ ਹਾਲਤ ਸੀ?

ਅ. ਰਵੀ ਦੇ ਘਰ ਤਿਉਹਾਰ ਦੀ ਤਿਆਰੀ ਹੋਣ ਸਮੇਂ ਰਵੀ ਕਿੱਥੇ ਸੀ?

ੲ. ਰਵੀ ਪਾਲਕੀ ਵਿੱਚ ਬਹਿ ਕੇ ਕਿੱਥੇ ਜਾਣਾ ਚਾਹੁੰਦਾ ਸੀ?

ਸ. ਖੁੱਲ੍ਹੇ ਮੈਦਾਨ ਵਿੱਚ ਜਾ ਕੇ ਪਾਲਕੀ ਵਿੱਚ ਬੈਠਾ ਰਵੀ ਕਿਸ ਤੋਂ ਡਰ ਗਿਆ ਸੀ?

ਹ. ਰਵੀ ਕਲਪਨਾ ਵਿੱਚ ਕਿੱਥੇ-ਕਿੱਥੇ ਸੈਰ ਕਰਕੇ ਆਇਆ?

4. **ਹੇਠਾਂ ਗੁਰਮੁਖੀ ਅਤੇ ਦੇਵਨਾਗਰੀ ਵਿੱਚ ਲਿਖੇ ਸ਼ਬਦ-ਜੋੜਾਂ ਦੇ ਅੰਤਰ ਨੂੰ ਸਮਝੋ ਅਤੇ ਗੁਰਮੁਖੀ ਵਿੱਚ ਲਿਖੇ ਸ਼ਬਦਾਂ ਨੂੰ ਲਿਖਣ ਦਾ ਅਭਿਆਸ ਕਰੋ :**

| | | |
|---|---|---|
| ਫਿੱਕਾ | : | फीका |
| ਮੱਛੀਆਂ | : | मछलियां |
| ਡੁੱਬ | : | डूब |
| ਦੰਦਾਂ | : | दाँतों |
| ਲਹਿਰਾਂ | : | लहरें |
| ਸਾਮ੍ਹਣੇ | : | सामने |

5. ਹੇਠਾਂ ਇੱਕ ਹੀ ਅਰਥ ਲਈ ਪੰਜਾਬੀ ਅਤੇ ਹਿੰਦੀ ਵਿੱਚ ਭਿੰਨ-ਭਿੰਨ ਸ਼ਬਦ ਹਨ। ਇਹਨਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਗੁਰਮੁਖੀ ਵਿੱਚ ਲਿਖੇ ਸ਼ਬਦਾਂ ਨੂੰ ਲਿਖਣ ਦਾ ਅਭਿਆਸ ਕਰੋ:-

| | | | | | |
|---|---|---|---|---|---|
| ਮੈਨੂੰ | : | मुझे | ਢਿੱਡ | : | पेट |
| ਇੱਥੇ | : | यहां | ਕਿਵੇਂ | : | कैसे |
| ਖੌਰੂ | : | शोर | ਹੁਣ | : | अब |
| ਕੰਢੇ | : | किनारे | ਥੱਲੇ | : | नीचे |

ਤੁਸੀਂ ਕਲਪਨਾ ਵਿੱਚ ਕਿੱਥੇ ਜਾਣਾ ਪਸੰਦ ਕਰੋਗੇ? ਲਿਖ ਕੇ ਵਰਨਣ ਕਰੋ।

**ਪਾਠ-19**

# ਉੱਡਣਾ ਸਿੱਖ-ਮਿਲਖਾ ਸਿੰਘ

ਮਿਲਖਾ ਸਿੰਘ ਸਾਡਾ ਉਹ ਦੌੜਾਕ ਹੈ ਜਿਸ ਨੇ ਭਾਰਤ ਦਾ ਨਾਂ ਸਾਰੇ ਸੰਸਾਰ ਵਿੱਚ ਉੱਚਾ ਕੀਤਾ ਹੈ। ਇੱਕ ਵਾਰੀ ਇੱਕ ਦੌੜ ਵਿੱਚ ਉਹ ਏਨਾ ਤੇਜ਼ ਦੌੜਿਆ ਕਿ ਉਸ ਦਾ ਨਾਂ 'ਉੱਡਣਾ ਸਿੱਖ' ਹੀ ਪੈ ਗਿਆ। ਸੰਸਾਰ- ਪ੍ਰਸਿੱਧੀ ਵਾਲ਼ਾ ਮਿਲਖਾ ਸਿੰਘ ਇੱਕ ਸਧਾਰਨ ਪਰਿਵਾਰ ਵਿਚ ਜੰਮਿਆ-ਪਲ਼ਿਆ। ਉਸ ਦਾ ਜਨਮ ਅਜੋਕੇ ਪਕਿਸਤਾਨੀ ਪੰਜਾਬ ਦੇ ਜ਼ਿਲ੍ਹਾ ਮੁਜ਼ੱਫਰਗੜ੍ਹ ਦੇ ਪਿੰਡ ਗੋਬਿੰਦਪੁਰਾ ਵਿੱਚ ਹੋਇਆ ਸੀ।

1947 ਵਿੱਚ ਦੇਸ ਦੀ ਵੰਡ ਸਮੇਂ ਹੋਏ ਫ਼ਸਾਦਾਂ ਵਿੱਚ ਉਸ ਦੇ ਮਾਪੇ ਮਾਰੇ ਗਏ। ਮਿਲਖਾ ਸਿੰਘ ਸ਼ਰਨਾਰਥੀ ਕੈਂਪਾਂ ਵਿੱਚ ਰੁਲ਼ਦਾ ਦਿੱਲੀ ਪੁੱਜ ਗਿਆ। 1953 ਵਿੱਚ ਉਹ ਫ਼ੌਜ ਵਿੱਚ ਭਰਤੀ ਹੋ ਗਿਆ। ਜਦੋਂ ਉਸ ਨੇ ਫ਼ੌਜ ਦੇ ਦੌੜ- ਮੁਕਾਬਲਿਆਂ ਵਿੱਚ ਹਿੱਸਾ ਲੈਣਾ ਸ਼ੁਰੂ ਕੀਤਾ ਤਾਂ ਉਸ ਸਮੇਂ ਉਸ ਨੂੰ ਚਾਰ ਸੌ ਮੀਟਰ ਦੇ ਫ਼ਾਸਲੇ ਦਾ ਵੀ ਅਨੁਮਾਨ ਨਹੀਂ ਸੀ। ਉਸਤਾਦ ਨੇ ਦੱਸਿਆ ਕਿ ਇਹ ਫ਼ਾਸਲਾ ਗ੍ਰਾਊਂਡ ਦੇ ਇੱਕ ਚੱਕਰ ਦੇ ਬਰਾਬਰ ਹੁੰਦਾ ਹੈ। ਮਿਲਖਾ ਸਿੰਘ ਨੇ ਕਿਹਾ, 'ਇੱਕ ਛੱਡ ਮੈਂ ਤਾਂ ਇਸ 'ਤੇ ਦਸ ਚੱਕਰ ਲਾ ਸਕਦਾ ਹਾਂ।" ਉਸਤਾਦ ਨੇ ਦੱਸਿਆ ਕਿ ਇੱਕੋ ਚੱਕਰ ਵਿੱਚ ਹੀ ਦਸਾਂ ਚੱਕਰਾਂ ਜਿੰਨਾ ਜ਼ੋਰ ਲਾ ਦੇਣਾ ਹੁੰਦਾ ਹੈ। ਮਿਲਖਾ ਸਿੰਘ ਨੇ ਇਹ ਗੱਲ ਪੱਲੇ ਬੰਨ੍ਹ ਲਈ ਅਤੇ ਉਹ ਆਪਣੀ ਕੰਪਨੀ ਦੀਆਂ ਦੌੜਾਂ ਵਿੱਚ ਪਹਿਲੇ ਨੰਬਰ ਉੱਤੇ ਆ ਗਿਆ। ਇਸ ਜਿੱਤ ਨੇ ਉਸ ਦੀਆਂ ਸੁੱਤੀਆਂ ਸ਼ਕਤੀਆਂ ਨੂੰ ਝੂਣ ਕੇ ਜਗਾ ਦਿੱਤਾ। ਹੌਲ਼ੀ- ਹੌਲ਼ੀ ਉਸ ਦੇ ਸਰੀਰ ਵਿੱਚ ਫੁਰਤੀ ਆਉਂਦੀ ਗਈ। ਉਸ ਦੇ ਕਦਮ ਤੇਜ਼ ਹੁੰਦੇ ਗਏ ਅਤੇ ਦਮ ਪੱਕਦਾ ਗਿਆ। ਹੁਣ ਸਮੁੱਚੀ ਭਾਰਤੀ ਸੈਨਾ ਦੇ ਦੌੜ- ਮੁਕਾਬਲਿਆਂ ਵਿੱਚ ਉਸ ਦੀ ਗੁੱਡੀ ਚੜ੍ਹਨ ਲੱਗ ਪਈ।



ਆਸਟ੍ਰੇਲੀਆ ਦੇ ਮੈਲਬੌਰਨ ਸ਼ਹਿਰ ਵਿੱਚ ਹੋਈਆਂ 1956 ਦੀਆਂ ਉਲੰਪਿਕ ਖੇਡਾਂ ਵਿੱਚ ਉਸ ਨੇ ਪਹਿਲੀ ਵਾਰ ਭਾਗ ਲਿਆ। ਭਾਵੇਂ ਉਸ ਨੂੰ ਜਿੱਤ ਤਾਂ ਪ੍ਰਾਪਤ ਨਾ ਹੋ ਸਕੀ ਪਰ ਖੇਡਾਂ ਦੀ ਰੰਗ-ਬਰੰਗੀ ਦੁਨੀਆ ਅਤੇ ਸਜੇ ਹੋਏ ਸਟੇਡੀਅਮ ਨੇ ਉਸ ਨੂੰ ਹੈਰਾਨ ਕਰ ਦਿੱਤਾ। ਜੇਤੂ ਖਿਡਾਰੀਆਂ ਦੇ ਸ਼ਾਹੀ ਸਨਮਾਨ ਤੋਂ ਉਸ ਨੂੰ ਬਹੁਤ ਉਤਸ਼ਾਹ ਮਿਲ਼ਿਆ। ਉਹ ਨਵਾਂ ਜੋਸ਼ ਲੈ ਕੇ ਦੇਸ ਪਰਤਿਆ ਅਤੇ ਸਖ਼ਤ ਅਭਿਆਸ ਵਿੱਚ ਰੁੱਝ ਗਿਆ।

1958 ਵਿੱਚ ਜਪਾਨ ਦੀ ਰਾਜਧਾਨੀ ਟੋਕੀਓ ਵਿਖੇ ਤੀਜੀਆਂ ਏਸ਼ਿਆਈ ਖੇਡਾਂ ਹੋਈਆਂ। ਮਿਲਖਾ ਸਿੰਘ ਉਹਨੀਂ ਦਿਨੀਂ ਪੂਰੀ ਤਿਆਰੀ ਵਿੱਚ ਸੀ। ਇਸ ਵਾਰ ਉਸ ਨੇ ਦੌੜਾਂ ਵਿੱਚ ਸਭ ਨੂੰ ਪਿਛਾੜ ਦਿੱਤਾ ਅਤੇ ਉਹ ਏਸ਼ੀਆ ਦਾ ਸਭ ਤੋਂ ਤਕੜਾ ਦੌੜਾਕ ਬਣ ਗਿਆ। ਦੋ ਸੌ ਮੀਟਰ ਤੇ ਚਾਰ ਸੌ ਮੀਟਰ ਦੀਆਂ ਦੌੜਾਂ ਵਿੱਚ ਉਸ ਨੇ ਨਵਾਂ ਰਿਕਾਰਡ ਕਾਇਮ ਕਰ ਦਿੱਤਾ। ਸਾਰਾ ਸਟੇਡੀਅਮ ਉਸ ਦੀ ਹਲਾਸ਼ੇਰੀ ਵਿੱਚ ਗੂੰਜ ਉੱਠਿਆ। ਅਖ਼ਬਾਰਾਂ ਵਾਲ਼ਿਆਂ ਨੇ ਉਸ ਨੂੰ ਘੇਰ ਲਿਆ। ਕੈਮਰਿਆਂ ਦੀਆਂ ਅੱਖਾਂ ਜਗਣ-ਬੁੱਝਣ ਲੱਗੀਆਂ। ਖ਼ੁਸ਼ੀ ਨਾਲ਼ ਉਸ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਉਸ ਨੂੰ ਆਪਣਾ ਗ਼ਰੀਬੀ ਭਰਿਆ ਬਚਪਨ, ਕਤਲ ਹੋਏ ਮਾਪੇ ਤੇ ਬਿਪਤਾ ਦੇ ਦਿਨ ਯਾਦ ਆ ਗਏ। ਜਦੋਂ ਜਪਾਨ ਦੇ ਬਾਦਸ਼ਾਹ ਨੇ ਉਸ ਨੂੰ ਇਨਾਮ ਦਿੱਤਾ ਤਾਂ ਭਾਰਤ ਦਾ ਕੌਮੀ ਤਰਾਨਾ ਉਸ ਦੇ ਸਨਮਾਨ ਵਿੱਚ ਗੂੰਜ ਉੱਠਿਆ। ਅਗਲੇ ਦਿਨ ਸਾਰੀ ਦੁਨੀਆ ਵਿੱਚ 'ਮਿਲਖਾ ਸਿੰਘ-ਮਿਲਖਾ ਸਿੰਘ' ਹੋ ਗਈ।

1958 ਵਿੱਚ ਇੰਗਲੈਂਡ ਵਿੱਚ ਕਾਰਡਿਫ਼ ਵਿਖੇ ਹੋਈਆਂ ਕਾਮਨ-ਵੈੱਲਥ ਦੌੜਾਂ ਵੀ ਉਸ ਨੇ ਜਿੱਤੀਆ। ਫਿਰ ਲਾਹੌਰ ਵਿਖੇ ਭਾਰਤ-ਪਾਕਿ ਖੇਡਾਂ ਹੋਈਆਂ। ਮਿਲਖਾ ਸਿੰਘ ਨੇ ਜਦੋਂ ਇੰਚਾਂ ਨਹੀਂ ਸਗੋਂ ਗਜ਼ਾਂ ਦੇ ਫ਼ਰਕ ਨਾਲ਼ ਦੌੜ ਜਿੱਤੀ ਤਾਂ ਪਾਕਿਸਤਾਨੀ ਅਨਾਊਂਸਰ ਨੇ ਕਿਹਾ, 'ਮਿਲਖਾ ਸਿੰਘ ਨੇ ਇਹ ਦੌੜ, ਦੌੜ ਕੇ ਨਹੀਂ ਸਗੋਂ ਉੱਡ ਕੇ ਪੂਰੀ ਕੀਤੀ ਹੈ ਇਸ ਲਈ ਉਸ ਨੂੰ 'ਫ਼ਲਾਇੰਗ ਸਿੱਖ' ਕਹਿਣਾ ਚਾਹੀਦਾ ਹੈ। ਤਦ ਤੋਂ ਹੀ ਉਹ 'ਫ਼ਲਾਇੰਗ ਸਿੱਖ' ਦੇ ਨਾਂ ਨਾਲ਼ ਨਾਲ਼ ਪ੍ਰਸਿੱਧ ਹੋ ਗਿਆ।



1960 ਵਿੱਚ ਰੋਮ ਵਿਖੇ ਹੋਣ ਵਾਲ਼ੀਆਂ ਉਲੰਪਿਕ ਖੇਡਾਂ ਵਿੱਚ ਉਸ ਨੇ ਚਾਰ ਸੌ ਮੀਟਰ ਦੀ ਦੌੜ ਦੌੜਨੀ ਸੀ। ਸਭ ਨੂੰ ਆਸ ਸੀ ਕਿ ਉਹ ਇਸ ਦੇ ਰਿਕਾਰਡ ਨੂੰ ਤੋੜ ਦੇਵੇਗਾ। ਦੌੜ ਸ਼ੁਰੂ ਹੋਣ ਵੇਲ਼ੇ ਉਸ ਨੂੰ ਟ੍ਰੈਕ ਦੀ ਪੰਜਵੀਂ ਲੇਨ ਮਿਲ਼ੀ। ਮੂਹਰੇ ਲੱਗ ਕੇ ਦੌੜਨ ਨਾਲ਼ੋਂ ਪਿੱਛੇ ਲੱਗ ਕੇ ਦੌੜਨਾ ਸੁਖਾਲ਼ਾ ਹੁੰਦਾ ਹੈ ਕਿਉਂਕਿ ਮੂਹਰਲਾ ਦੌੜਾਕ ਦਿਸਦਾ ਰਹਿੰਦਾ ਹੈ। ਉਹ ਪਹਿਲੇ ਢਾਈ ਸੌ ਮੀਟਰ ਬਹੁਤ ਤੇਜ਼ ਦੌੜਿਆ। ਅਚਾਨਕ ਉਸ ਨੂੰ ਆਪਣੇ ਬਹੁਤ ਤੇਜ਼ ਹੋਣ ਦਾ ਅਹਿਸਾਸ ਹੋਇਆ ਤੇ ਉਸ ਦੀ ਚਾਲ ਮੱਠੀ ਪੈ ਗਈ। ਦੂਜੇ ਦੌੜਾਕ ਅੱਗੇ ਲੰਘ ਗਏ। ਫਿਰ ਅਖ਼ੀਰ 'ਤੇ ਲਾਇਆ ਜ਼ੋਰ ਵੀ ਕੰਮ ਨਾ ਆਇਆ। ਮਿਲਖਾ ਸਿੰਘ ਇਸ ਦੌੜ ਵਿੱਚ ਚੌਥੇ ਨੰਬਰ 'ਤੇ ਆਇਆ। ਫਿਰ ਵੀ ਉਹ ਪਹਿਲੇ ਸੰਸਾਰ-ਰਿਕਾਰਡ ਨੂੰ ਮਾਤ ਪਾ ਗਿਆ।

ਰੋਮ ਦੀ ਦੌੜ ਪਿੱਛੋਂ ਉਹ ਬਹੁਤ ਉਦਾਸ ਹੋ ਗਿਆ। ਉਸ ਦੇ ਸੁਪਨੇ ਤਿੜਕ ਗਏ। ਦੌੜਦਿਆਂ ਉਸ ਨੇ ਬੇਹੱਦ ਸਰੀਰਿਕ ਕਸ਼ਟ ਝੱਲਿਆ ਸੀ। ਅਨੇਕ ਵਾਰ ਉਹ ਬੇਹੋਸ਼ ਹੋ ਕੇ ਡਿਗਿਆ ਸੀ। ਇਸ ਹਾਰ ਦੀ ਉਸ ਨੇ ਬਹੁਤ ਨਮੋਸ਼ੀ ਮੰਨੀ। ਉਸ ਨੇ ਫ਼ੈਸਲਾ ਕੀਤਾ ਕਿ ਉਹ ਅੱਗੇ ਤੋਂ ਦੌੜ- ਮੁਕਾਬਲਿਆਂ ਵਿੱਚ ਹਿੱਸਾ ਨਹੀਂ ਲਵੇਗਾ। ਪਰ ਉਸ ਦੇ ਮਿੱਤਰਾਂ ਅਤੇ ਅਫ਼ਸਰਾਂ ਦੇ ਦਿਲਾਸਾ ਦੇਣ ਉੱਤੇ ਉਹ ਫਿਰ ਸੰਭਲ਼ ਗਿਆ। ਉਸ ਨੇ ਫੇਰ ਕਿੱਲਾਂ ਵਾਲ਼ੇ ਬੂਟ ਪਾ ਲਏ ਤੇ ਗ੍ਰਾਊਂਡ ਨੂੰ ਜਾ ਕੇ ਮੱਥਾ ਟੇਕਿਆ। 1962 ਵਿੱਚ ਜਕਾਰਤਾ ਵਿੱਚ ਹੋਈਆਂ ਚੌਥੀਆਂ ਏਸ਼ਿਆਈ ਖੇਡਾਂ ਵਿੱਚ ਉਸ ਨੇ ਫੇਰ ਸੋਨੇ ਦੇ ਤਗਮੇ ਜਿੱਤੇ।

1964 ਵਿੱਚ ਟੋਕੀਓ ਵਿੱਚ ਹੋਈਆਂ ਉਲੰਪਿਕ ਖੇਡਾਂ ਵਿੱਚ ਉਸ ਨੇ ਤੀਜੀ ਵਾਰ ਭਾਗ ਲਿਆ। ਇਸ ਪਿੱਛੋਂ ਉਸ ਨੇ ਦੌੜ-ਮੁਕਾਬਲਿਆਂ ਨੂੰ ਅਲਵਿਦਾ ਕਹਿ ਦਿੱਤੀ ਤੇ ਆਪਣੇ ਕਿੱਲਾਂ ਵਾਲ਼ੇ ਬੂਟ ਕਿੱਲੀ ਉੱਤੇ ਟੰਗ ਦਿੱਤੇ।

1971 ਵਿੱਚ ਉਸ ਨੇ ਫ਼ੌਜ ਦੀ ਨੌਕਰੀ ਛੱਡ ਦਿੱਤੀ। ਪੰਜਾਬ ਸਰਕਾਰ ਨੇ ਉਸ ਨੂੰ ਖੇਡ-ਵਿਭਾਗ ਦਾ ਇੱਕ ਉੱਚ-ਅਧਿਕਾਰੀ ਨਿਯੁਕਤ ਕਰ ਦਿੱਤਾ। ਭਾਰਤ ਸਰਕਾਰ ਨੇ ਉਸ ਨੂੰ 'ਪਦਮ ਸ਼੍ਰੀ' ਦਾ ਸਨਮਾਨ ਦਿੱਤਾ।

ਮਿਲਖਾ ਸਿੰਘ ਦੇ ਜੀਵਨ ਤੋਂ ਖਿਡਾਰੀ ਹੁਣ ਵੀ ਪ੍ਰੇਰਨਾ ਲੈਂਦੇ ਹਨ।

### ਔਖੇ ਸ਼ਬਦਾਂ ਦੇ ਅਰਥ:

| | | |
|---|---|---|
| ਪ੍ਰਬਲ | - | ਜ਼ੋਰਦਾਰ, ਤੇਜ਼ |
| ਸ਼ਰਨਾਰਥੀ | - | ਸ਼ਰਨ ਜਾਂ ਆਸਰਾ ਲੈਣ ਵਾਲ਼ਾ |
| ਗੁੱਡੀ ਚੜ੍ਹਨਾ | - | ਪ੍ਰਸਿੱਧੀ ਹੋਣੀ, ਚੜ੍ਹਦੀ ਕਲਾ ਵਿੱਚ ਹੋਣਾ |
| ਗੱਲ ਪੱਲੇ ਬੰਨ੍ਹਣੀ | - | ਕਿਸੇ ਦੀ ਆਖੀ ਗੱਲ ਯਾਦ ਰੱਖਣੀ |
| ਦਿਲਾਸਾ | - | ਹੌਸਲਾ ਵਧਾਉਣਾ, ਤਸੱਲੀ ਦੇਣੀ |
| ਫ਼ਸਾਦ | - | ਲੜਾਈ, ਦੰਗੇ |
| ਉਸਤਾਦ | - | ਅਧਿਆਪਕ, ਗੁਰੂ, ਕੋਈ ਕਲਾ ਜਾਂ ਹੁਨਰ ਸਿਖਾਉਣ ਵਾਲ਼ਾ |
| ਉਤਸ਼ਾਹ | - | ਹੌਸਲਾ, ਜੋਸ਼ |
| ਬਿਪਤਾ | - | ਮੁਸੀਬਤ, ਬੁਰਾ ਵਕਤ |
| ਨਮੋਸ਼ੀ | - | ਸ਼ਰਮਿੰਦਗੀ, ਨਿਰਾਦਰੀ |

## ਪਾਠ-ਅਭਿਆਸ

1. **ਖ਼ਾਲੀ ਸਥਾਨ ਭਰੋ:**

ੳ. ਤੇਜ਼ ਦੌੜਨ ਕਾਰਨ ਮਿਲਖਾ ਸਿੰਘ ਦਾ ਨਾਂ.................ਪੈ ਗਿਆ।

ਅ. ਜੇਤੂ ਖਿਡਾਰੀਆਂ ਦੇ ਸ਼ਾਹੀ ਸਨਮਾਨ ਤੋਂ ਉਸ ਨੂੰ ਬਹੁਤ..........ਮਿਲ਼ਿਆ।

ੲ. ਤੀਜੀਆਂ ਏਸ਼ਿਆਈ ਖੇਡਾਂ..............ਦੀ ਰਾਜਧਾਨੀ ਵਿੱਚ ਹੋਈਆਂ।

ਸ. ਭਾਰਤ ਸਰਕਾਰ ਨੇ ਮਿਲਖਾ ਸਿੰਘ ਨੂੰ..................ਦਾ ਸਨਮਾਨ ਦਿੱਤਾ।

2. **ਸੰਖੇਪ ਵਿੱਚ ਉੱਤਰ ਦਿਓ:-**

ੳ. ਮਿਲਖਾ ਸਿੰਘ ਦਾ ਜਨਮ ਕਿੱਥੇ ਹੋਇਆ?

ਅ. ਮਿਲਖਾ ਸਿੰਘ ਫ਼ੌਜ ਵਿੱਚ ਕਦੋਂ ਭਰਤੀ ਹੋਇਆ?

ੲ. ਮਿਲਖਾ ਸਿੰਘ ਨੂੰ 'ਫ਼ਲਾਇੰਗ ਸਿੱਖ' ਕਿਸ ਨੇ ਕਿਹਾ ਸੀ?

ਸ. ਪੰਜਾਬ ਸਰਕਾਰ ਨੇ ਮਿਲਖਾ ਸਿੰਘ ਨੂੰ ਕਿਵੇਂ ਸਨਮਾਨਿਤ ਕੀਤਾ?

3. **ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ-**

ਫ਼ਸਾਦ, ਅਨੁਮਾਨ, ਅਭਿਆਸ, ਉਤਸ਼ਾਹ, ਅਹਿਸਾਸ, ਪਛਤਾਵਾ, ਤਗਮਾ, ਨਿਯੁਕਤੀ, ਅਲਵਿਦਾ, ਮੁਕਾਬਲਾ।

4. **ਹੇਠਾਂ ਇੱਕ ਹੀ ਅਰਥ ਲਈ ਪੰਜਾਬੀ ਅਤੇ ਹਿੰਦੀ ਵਿੱਚ ਭਿੰਨ-ਭਿੰਨ ਸ਼ਬਦ ਦਿੱਤੇ ਗਏ ਹਨ। ਇਹਨਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਪੰਜਾਬੀ ਸ਼ਬਦਾਂ ਨੂੰ ਲਿਖੋ-**

| | | |
|---|---|---|
| ਮੁਕਾਬਲਾ | : | प्रतियोगता |
| ਫ਼ਰਕ | : | अंतर |
| ਹਿੱਸਾ | : | भाग |
| ਫ਼ੌਜ | : | सेना |
| ਪਹਿਲਾ | : | प्रथम |
| ਸੁਖਾਲ਼ਾ | : | आसान |
| ਕੌਮੀ ਤਰਾਨਾ | : | राष्टीय गान |
| ਅਲਵਿਦਾ | : | विदाई |
| ਹੰਝੂ | : | आंसू |
| ਸੱਦਾ | : | निमंत्रण |

ਆਪਣੇ ਮਨਪਸੰਦ ਖਿਡਾਰੀ ਦੀ ਫੋਟੋ ਆਪਣੀ ਕਾਪੀ ਵਿੱਚ ਚਿਪਕਾਓ। ਇਹ ਵੀ ਲਿਖੋ ਕਿ ਤੁਸੀਂ ਇਸ ਖਿਡਾਰੀ ਨੂੰ ਕਿਉਂ ਪਸੰਦ ਕਰਦੇ ਹੋ?

ਪਾਠ-20

# ਦਾਦੀ ਮਾਂ ਦਾ ਗੀਤ



ਦਾਦੀ ਮੇਰੀ ਹੈ, ਭਾਵੇਂ ਬੁੱਢੀ,
ਫਿਰ ਵੀ ਰਹਿੰਦੀ, ਕੰਮ ਵਿੱਚ ਰੁੱਝੀ।

ਦੇਵੇ ਅਸੀਸਾਂ, ਸਿਰ ਹੱਥ ਧਰਦੀ,
ਮਾਂ ਨਾਲ਼ ਦੁੱਖ-ਸੁੱਖ, ਸਾਂਝਾ ਕਰਦੀ।
ਹੱਥ ਵਿੱਚ ਫੜ ਕੇ, ਖੂੰਡੀ ਆਪਣੀ,
ਤੁਰਦੀ ਜਾਵੇ, ਕੁੱਬੀ-ਕੁੱਬੀ।
ਦਾਦੀ ਮੇਰੀ...............

ਦਿਨ ਛਿਪ ਜਾਏ, ਹੋ ਜਾਏ ਰਾਤ,
ਉਦੋਂ ਸੁਣਾਉਂਦੀ, ਕੋਈ ਬਾਤ।
ਹੌਲ਼ੀ-ਹੌਲ਼ੀ, ਦਿੰਦੀ ਲੋਰੀ,
ਸਿੱਖਿਆ ਦੇਵੇ, ਨਾਲ਼ੇ ਗੁੱਝੀ।
ਦਾਦੀ ਮੇਰੀ...............

ਸਦੀਆਂ ਦੀ ਕੋਈ, ਗੱਲ ਪੁਰਾਣੀ,
ਕਦੇ ਸੁਣਾਵੇ, ਪਰੀ-ਕਹਾਣੀ।
ਕਦੇ-ਕਦੇ ਉਹ, ਪਾਵੇ ਬਾਤ,
ਜਿਹੜੀ ਜਾਏ ਨਾ, ਮੈਥੋਂ ਬੁੱਝੀ।
ਦਾਦੀ ਮੇਰੀ...............

ਘਰ ਵਿੱਚ ਕਿਸੇ ਨੂੰ, ਲੜਨ ਨਾ ਦਿੰਦੀ,
ਵਿਹਲਾ ਕਿਸੇ ਨੂੰ, ਖੜ੍ਹਨ ਨਾ ਦਿੰਦੀ।
ਸਾਰਾ ਦਿਨ ਹੀ, ਹੱਸਦੀ ਰਹਿੰਦੀ,
ਸੋਚਾਂ ਵਿੱਚ ਨਾ, ਰਹਿੰਦੀ ਡੁੱਬੀ।
ਦਾਦੀ ਮੇਰੀ...............
ਆਂਢ-ਗੁਆਂਢ ਦੇ, ਸਾਰੇ ਬੱਚੇ,
ਆ ਜਾਂਦੇ, ਜਦ ਹੋ ਕੇ 'ਕੱਠੇ।
ਖਾਣ ਵਾਲ਼ੀਆਂ, ਚੀਜ਼ਾਂ ਮੰਗਦੇ,
ਜੋਬਨ, ਸੁੱਖੀ; ਨਿਮਰਿਤ, ਗੁੱਡੀ।
ਦਾਦੀ ਮੇਰੀ...............

**ਔਖੇ ਸ਼ਬਦਾਂ ਦੇ ਅਰਥ:**

| | | |
|---|---|---|
| ਰੁੱਝੀ | - | ਲਗਾਤਾਰ ਕੰਮ ਕਰਦੀ |
| ਸਾਂਝਾ ਕਰਦੀ | - | ਵੰਡਦੀ |
| ਅਸੀਸਾਂ | - | ਅਸ਼ੀਰਵਾਦ, ਦੁਆਵਾਂ |
| ਗੁੱਝੀ | - | ਗਹਿਰੀ |
| ਅੰਮ੍ਰਿਤ ਵੇਲ਼ਾ | - | ਸਵੇਰ ਦਾ ਸਮਾਂ |

## ਪਾਠ-ਅਭਿਆਸ

**1. ਖ਼ਾਲੀ ਸਥਾਨ ਭਰੋ:-**

ੳ. ਦੇਵੇ..................ਸਿਰ ਹੱਥ ਧਰਦੀ।

ਅ. ਸਦੀਆਂ ਦੀ ਕੋਈ..................ਪੁਰਾਣੀ।

ੲ. ਘਰ ਵਿੱਚ ਕਿਸੇ ਨੂੰ ..........ਣਾ ਦਿੰਦੀ।

ਸ. ਆਂਢ-ਗੁਆਂਢ ਦੇ ..........ਬੱਚੇ।

ਹ. ਖਾਣ ਵਾਲ਼ੀਆਂ............ਮੰਗਦੇ।

## 2. ਸੰਖੇਪ ਵਿੱਚ ਉੱਤਰ ਦਿਓ :-

ੳ. ਦਾਦੀ ਦੁੱਖ-ਸੁੱਖ ਕਿਸ ਨਾਲ਼ ਸਾਂਝਾ ਕਰਦੀ ਹੈ?

ਅ. ਦਾਦੀ ਰਾਤ ਨੂੰ ਕੀ ਸੁਣਾਉਂਦੀ ਹੈ?

ੲ. ਕਵਿਤਾ ਵਿੱਚ ਆਏ ਬੱਚਿਆਂ ਦੇ ਨਾਂ ਲਿਖੋ।

ਸ. ਬੱਚੇ ਇਕੱਠੇ ਹੋ ਕੇ ਦਾਦੀ ਕੋਲ਼ੋਂ ਕੀ ਮੰਗਦੇ ਹਨ?

## 3. ਵਾਕਾਂ ਵਿੱਚ ਵਰਤੋ :-

ਦਾਦੀ, ਲੋਰੀ, ਅਸੀਸਾਂ, ਬਾਤ, ਸਾਂਝਾ

## 4. ਹੇਠ ਲਿਖੇ ਸ਼ਬਦਾਂ ਨੂੰ ਗੁਰਮੁਖੀ ਅਤੇ ਦੇਵਨਾਗਰੀ ਵਿੱਚ ਲਿਖਣ ਦਾ ਅਭਿਆਸ ਕਰੋ:-

| | | |
|---|---|---|
| ਦਾਦੀ | : | दादी |
| ਗੁਰੂ | : | गुरु |
| ਪੁਰਾਣੀ | : | पुरानी |
| ਕਹਾਣੀ | : | कहानी |
| ਬੱਚੇ | : | बच्चे |
| ਸਿੱਖਿਆ | : | शिक्षा |
| ਗੁੱਝੀ | : | गुप्त |

ਆਪਣੀ ਦਾਦੀ ਬਾਰੇ ਪੰਜ ਸਤਰਾਂ ਲਿਖੋ।